ਜਾਣਬੁੱਝ ਕੇ ਐਡਿਟ (ਛੇੜਛਾੜ) ਕੀਤਾ ਅਤੇ ਉਸ ਨੂੰ ਬਦਨਾਮ ਕਰਨ ਲਈ ਜ਼ਬਰਦਸਤੀ ਗੁਰੂ ਸਾਹਿਬਾਨ ਦੇ ਹਵਾਲੇ ਪਾ ਦਿੱਤੇ।"

ਉਨ੍ਹਾਂ ਅੱਗੇ ਕਿਹਾ ਕਿ "ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਤੋਂ ਲੈ ਕੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਤੱਕ, ਅਤੇ ਪਰਗਟ ਸਿੰਘ ਤੋਂ ਲੈ ਕੇ ਭਾਜਪਾ ਆਗੂ ਅਸ਼ਵਨੀ ਸ਼ਰਮਾ ਤੱਕ, ਇਨ੍ਹਾਂ ਸਾਰਿਆਂ ਨੇ ਉਸ ਅਪਮਾਨਜਨਕ ਵੀਡੀਓ ਨੂੰ ਅੱਗੇ ਵਧਾਇਆ ਜਿਸ ਵਿੱਚ ਗੁਰੂ ਸਾਹਿਬਾਨ ਦਾ ਅਪਮਾਨ ਕੀਤਾ ਗਿਆ ਸੀ। ਇਹ ਵੀਡੀਓ ਅਸਲ ਵਿੱਚ ਦਿੱਲੀ ਦੇ ਇੱਕ ਭਾਜਪਾ ਮੰਤਰੀ ਵੱਲੋਂ ਪੋਸਟ ਕੀਤੀ ਗਈ ਸੀ। ਹੁਣ ਜਦੋਂ ਸੱਚ ਸਾਹਮਣੇ ਆ ਗਿਆ ਹੈ, ਤਾਂ ਝੂਠ ਫੈਲਾਉਣ ਅਤੇ ਗੁਰੂ ਸਾਹਿਬਾਨ ਦਾ ਨਿਰਾਦਰ ਕਰਨ ਵਾਲੇ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਜੇਲ੍ਹ ਭੇਜਿਆ ਜਾਣਾ ਚਾਹੀਦਾ ਹੈ।"ਜਲੰਧਰ ਵਿੱਚ ਹੋਏ ਵਿਰੋਧ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ 'ਆਪ' ਮੰਤਰੀ ਮੋਹਿੰਦਰ ਭਗਤ ਨੇ ਵਿਰੋਧੀ ਪਾਰਟੀਆਂ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਵਿਕਾਸ ਅਤੇ ਲੋਕ ਭਲਾਈ ਦੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਉਹ ਛੇੜਛਾੜ ਵਾਲੀਆਂ ਵੀਡੀਓਜ਼ ਰਾਹੀਂ ਝੂਠ ਫੈਲਾਉਣ ਦਾ ਸਹਾਰਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਕੰਮ ਅਤੇ ਵਿਕਾਸ ਦੇ ਆਧਾਰ 'ਤੇ ਭਗਵੰਤ ਮਾਨ ਸਰਕਾਰ ਨੂੰ ਘੇਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਇਸੇ ਲਈ ਉਹ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ, ਲੋਕਾਂ ਨੂੰ ਗੁੰਮਰਾਹ ਕਰਨ ਲਈ 'ਆਪ' ਨੇਤਾ ਆਤਿਸ਼ੀ ਦੇ ਫਰਜੀ ਵੀਡੀਓ ਨੂੰ ਜਾਣਬੁੱਝ ਕੇ ਵਾਈਰਲ ਕਰਕੇ ਇੱਕ ਨਵੇਂ ਨੀਵੇਂ ਪੱਧਰ 'ਤੇ ਡਿੱਗ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ, ਸੁਖਪਾਲ ਸਿੰਘ ਖਹਿਰਾ, ਪ੍ਰਗਟ ਸਿੰਘ, ਸੁਖਬੀਰ ਸਿੰਘ ਬਾਦਲ ਅਤੇ ਅਸ਼ਵਨੀ ਸ਼ਰਮਾ, ਸਾਰਿਆਂ ਨੇ ਐਡਿਟ ਕੀਤੀ ਵੀਡੀਓ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਾਂਝੀ ਕੀਤੀ ਹੈ, ਜੋ ਗਲਤ ਜਾਣਕਾਰੀ ਫੈਲਾਉਣ ਦੀ ਇੱਕ ਸਾਂਝੀ ਸਾਜ਼ਿਸ਼ ਨੂੰ ਬੇਨਕਾਬ ਕਰਦੀ ਹੈ। ਇਸ ਕਾਰਵਾਈ ਦੀ ਨਿਖੇਧੀ ਕਰਦਿਆਂ 'ਆਪ' ਆਗੂਆਂ ਨੇ ਕਿਹਾ ਕਿ ਇਨ੍ਹਾਂ ਪਾਰਟੀਆਂ ਦਾ ਸਿਆਸੀ ਲਾਹੇ ਲਈ ਧਰਮ ਅਤੇ ਜਾਤ ਦੀ ਵਰਤੋਂ ਕਰਨ ਦਾ ਪੁਰਾਣਾ ਇਤਿਹਾਸ ਰਿਹਾ ਹੈ। ਪਾਰਟੀ ਨੇ ਕਿਹਾ ਕਿ ਉਨ੍ਹਾਂ ਨੇ ਸੱਤਾ ਦੀ ਭੁੱਖ ਵਿੱਚ ਨਾ ਧਰਮ ਛੱਡਿਆ, ਨਾ ਜਾਤ ਅਤੇ ਨਾ ਹੀ ਸਾਡੇ ਸਤਿਕਾਰਯੋਗ ਗੁਰੂਆਂ ਨੂੰ। ਇੱਕ ਵਾਰ ਫਿਰ ਉਹ ਸਿਆਸੀ ਲਾਭ ਲੈਣ ਲਈ ਉਹੀ ਵੰਡ ਪਾਉਣ ਵਾਲੀ ਰਾਜਨੀਤੀ ਖੇਡਣ ਦੀ ਕੋਸ਼ਿਸ਼ ਕਰ ਰਹੇ ਹਨ। 'ਆਪ' ਨੇ ਸਪੱਸ਼ਟ ਕੀਤਾ ਕਿ ਧਾਰਮਿਕ ਭਾਵਨਾਵਾਂ ਦੀ ਕਿਸੇ ਵੀ ਤਰ੍ਹਾਂ ਦੀ ਤੌਹੀਨ ਜਾਂ ਮਨਘੜਤ ਸਮੱਗਰੀ ਰਾਹੀਂ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪਾਰਟੀ ਨੇ ਫਰਜ਼ੀ ਵੀਡੀਓ ਬਣਾਉਣ ਅਤੇ ਫੈਲਾਉਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਅਤੇ ਸੱਚਾਈ, ਵਿਕਾਸ ਅਤੇ ਸਾਰੇ ਭਾਈਚਾਰਿਆਂ ਦੇ ਸਤਿਕਾਰ 'ਤੇ ਅਧਾਰਤ ਰਾਜਨੀਤੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

# ਭਾਜਪਾ ਧਾਰਮਿਕ ਨਫ਼ਰਤ ਫੈਲਾਉਣ ਦੀਆਂ ਕੋਸ਼ਿਸ਼ਾਂ ਬੰਦ ਕਰੇ, ਪੰਜਾਬ ਦੀ ਸਾਂਝੀ ਵਿਰਾਸਤ ਨੂੰ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਸਫ਼ਲ ਨਹੀਂ ਹੋਣ ਦਿੱਤੀਆਂ ਜਾਣਗੀਆਂ: ਬਲਤੇਜ ਪੰਨੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸਟੇਟ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਭਾਰਤੀ ਜਨਤਾ ਪਾਰਟੀ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਹੈ ਕਿ ਦਿੱਲੀ ਵਿਧਾਨ ਸਭਾ ਵਿੱਚ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਦਿੱਤੀ ਗਈ ਇੱਕ ਟਿੱਪਣੀ ਨੂੰ ਗਲਤ ਤਰੀਕੇ ਨਾਲ ਪੇਸ਼ ਕਰਕੇ ਅਤੇ ਫ਼ਰਜ਼ੀ ਵੀਡੀਓ ਬਣਾ ਕੇ ਜੋ ਜ਼ਹਿਰੀਲਾ ਪ੍ਰਚਾਰ ਸ਼ੁਰੂ ਕੀਤਾ ਗਿਆ ਹੈ, ਭਾਜਪਾ ਨੂੰ ਉਸ ਤੋਂ ਬਾਜ਼ ਆਉਣਾ ਚਾਹੀਦਾ ਹੈ। ਪੰਨੂ ਨੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਪੰਜਾਬ ਵਰਗੇ ਧਰਮ-ਨਿਰਪੱਖ ਅਤੇ ਸਾਂਝੀ ਵਿਰਾਸਤ ਵਾਲੇ ਸੂਬੇ ਵਿੱਚ ਨਫ਼ਰਤ ਦੀ ਰਾਜਨੀਤੀ ਕਰਨ ਦੀਆਂ ਕੋਸ਼ਿਸ਼ਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਬਲਤੇਜ ਪੰਨੂ ਨੇ ਸਪੱਸ਼ਟ ਕੀਤਾ ਕਿ ਪੰਜਾਬ ਉਹ ਧਰਤੀ ਹੈ ਜਿੱਥੇ ਧਰਮ ਮਨੁੱਖੀ ਕਦਰਾਂ-ਕੀਮਤਾਂ ਨਾਲ ਜੁੜਿਆ ਹੋਇਆ ਹੈ, ਨਾ ਕਿ ਸਿਆਸੀ ਸਵਾਰਥਾਂ ਨਾਲ।

ਇੱਥੇ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਨਾ ਪਹਿਲਾਂ ਕਦੇ ਸਫ਼ਲ ਹੋਈ ਹੈ ਅਤੇ ਨਾ ਹੀ ਅੱਗੇ ਹੋਵੇਗੀ। ਭਾਜਪਾ ਨੇ ਹਿੰਦੀ ਬੈਲਟ ਦੇ ਕਈ ਸੂਬਿਆਂ ਵਿੱਚ ਜੋ ਰੁਝਾਨ ਅਪਣਾਇਆ ਹੈ ਸਮਾਜ ਨੂੰ ਧਰਮ ਦੇ ਆਧਾਰ 'ਤੇ ਵੰਡਣਾ, ਡਰ ਅਤੇ ਸ਼ੱਕ ਦਾ ਮਾਹੌਲ ਪੈਦਾ ਕਰਨਾ ਪੰਜਾਬ ਉਸ ਰਾਜਨੀਤੀ ਨੂੰ ਸਾਫ਼ ਤੌਰ 'ਤੇ ਨਕਾਰਦਾ ਹੈ। ਪੰਜਾਬ ਦੀ ਸਿਆਸਤ ਸਾਂਝੀ ਸੱਭਿਆਚਾਰਕ ਵਿਰਾਸਤ, ਆਪਸੀ ਸਤਿਕਾਰ ਅਤੇ ਲੋਕਤੰਤਰੀ ਕਦਰਾਂ-ਕੀਮਤਾਂ 'ਤੇ ਅਧਾਰਿਤ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬਾਰੇ ਗੱਲ ਕਰਦਿਆਂ ਪੰਨੂ ਨੇ ਕਿਹਾ ਕਿ ਉਨ੍ਹਾਂ ਦੀ ਸ਼ਖ਼ਸੀਅਤ ਕਿਸੇ ਤੋਂ ਛੁਪੀ ਨਹੀਂ ਹੈ। ਉਹ ਸਿਰਫ਼ ਇੱਕ ਸਿਆਸਤਦਾਨ ਨਹੀਂ, ਸਗੋਂ ਇੱਕ ਸੰਵੇਦਨਸ਼ੀਲ ਕਲਾਕਾਰ ਅਤੇ ਸਮਾਜਿਕ ਚੇਤਨਾ ਨਾਲ ਜੁੜੇ ਹੋਏ ਵਿਅਕਤੀ ਹਨ। ਉਨ੍ਹਾਂ ਖ਼ਿਲਾਫ਼ ਧਾਰਮਿਕ ਮੰਦਭਾਵਨਾ ਫੈਲਾਉਣ ਦੀਆਂ ਕੋਸ਼ਿਸ਼ਾਂ ਪੰਜਾਬ ਦੀ ਏਕਤਾ ਨੂੰ ਹੋਰ ਮਜ਼ਬੂਤ ਹੀ ਕਰਨਗੀਆਂ। ਇਸੇ ਤਰ੍ਹਾਂ, ਆਤਿਸ਼ੀ ਬਾਰੇ ਫ਼ਰਜ਼ੀ ਵੀਡੀਓ ਰਾਹੀਂ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਵੀ ਗੰਭੀਰ ਚਿੰਤਾ ਦਾ ਵਿਸ਼ਾ ਹਨ। ਬਲਤੇਜ ਪੰਨੂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਧਾਰਮਿਕ ਸਦਭਾਵਨਾ ਅਤੇ ਸਮਾਜਿਕ ਏਕਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਜੋ ਵੀ ਤਾਕਤਾਂ ਇਸ ਏਕਤਾ ਨੂੰ ਤੋੜਨ ਦੀ ਕੋਸ਼ਿਸ਼ ਕਰਨਗੀਆਂ, ਉਨ੍ਹਾਂ ਨੂੰ ਲੋਕਾਂ ਦੀ ਇਕਜੁੱਟਤਾ ਅਤੇ ਸੱਚਾਈ ਤੋਂ ਕਰਾਰਾ ਜਵਾਬ ਮਿਲੇਗਾ। ਪੰਜਾਬ ਨਫ਼ਰਤ ਦੀ ਨਹੀਂ, ਸਗੋਂ ਸਾਂਝੀਵਾਲਤਾ ਅਤੇ ਸਦਭਾਵਨਾ ਵਾਲੀ ਰਾਜਨੀਤੀ ਵਿੱਚ ਵਿਸ਼ਵਾਸ ਰੱਖਦਾ ਹੈ।



# ਟਰੰਪ ਵੱਲੋਂ ਅਮਰੀਕੀ ਕ੍ਰੈਡਿਟ ਕਾਰਡ ਕੰਪਨੀਆਂ ਦੇ ਭਾਰੀ ਵਿਆਜ ਦਰਾਂ 'ਤੇ ਲਗਾਮ ਲਗਾਉਣ ਦਾ ਐਲਾਨ

## ਹੁਣ 10% ਤੋਂ ਵੱਧ ਵਿਆਜ ਨਹੀਂ ਵਸੂਲ ਸਕਣਗੀਆਂ ਕੰਪਨੀਆਂ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕ੍ਰੈਡਿਟ ਕਾਰਡ ਕੰਪਨੀਆਂ ਵਿਰੁੱਧ ਇੱਕ ਵੱਡਾ ਮੋਰਚਾ ਖੋਲ੍ਹਦਿਆਂ ਭਾਰੀ ਵਿਆਜ ਦਰਾਂ 'ਤੇ ਲਗਾਮ ਲਗਾਉਣ ਦਾ ਐਲਾਨ ਕੀਤਾ ਹੈ। ਟਰੰਪ ਨੇ ਕੰਪਨੀਆਂ ਵੱਲੋਂ ਵਸੂਲੇ ਜਾ ਰਹੇ 20 ਤੋਂ 30 ਫੀਸਦੀ ਵਿਆਜ ਨੂੰ 'ਲੁੱਟ' ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਹੁਣ ਅਮਰੀਕੀ ਜਨਤਾ ਨੂੰ ਇਸ ਤਰ੍ਹਾਂ ਠੱਗਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਰਾਸ਼ਟਰਪਤੀ ਟਰੰਪ ਨੇ ਐਲਾਨ ਕੀਤਾ ਹੈ ਕਿ 20 ਜਨਵਰੀ 2026 ਤੋਂ ਇੱਕ ਸਾਲ ਲਈ ਕ੍ਰੈਡਿਟ ਕਾਰਡ ਦੀਆਂ ਵਿਆਜ ਦਰਾਂ 'ਤੇ 10 ਫੀਸਦੀ ਦੀ ਅਧਿਕਤਮ ਸੀਮਾ (ਕੈਪ) ਲਗਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਇਹ ਫੈਸਲਾ ਆਮ ਲੋਕਾਂ ਦੀ ਜੇਬ 'ਤੇ ਪੈ ਰਹੇ ਵਿੱਤੀ ਬੋਝ ਨੂੰ ਘੱਟ ਕਰਨ ਲਈ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ 20 ਜਨਵਰੀ ਦੀ ਇਹ ਤਾਰੀਖ ਟਰੰਪ ਪ੍ਰਸ਼ਾਸਨ ਦੇ ਸਫਲ ਇਕ ਸਾਲ ਦੀ ਵਰ੍ਹੇਗੰਢ ਵਜੋਂ ਵੀ ਮਨਾਈ ਜਾਵੇਗੀ।

ਟਰੰਪ ਨੇ ਆਪਣੇ ਬਿਆਨ ਵਿਚ ਪਿਛਲੀ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ 'ਸਲੀਪੀ ਜੋਅ ਬਾਇਡਨ' ਪ੍ਰਸ਼ਾਸਨ ਦੌਰਾਨ ਇਹ ਕੰਪਨੀਆਂ ਬਿਨਾਂ ਕਿਸੇ ਰੋਕ-ਟੋਕ ਦੇ 20-30% ਤੋਂ ਵੀ ਵੱਧ ਵਿਆਜ ਵਸੂਲਦੀਆਂ ਰਹੀਆਂ, ਜਿਸ ਦਾ ਨੁਕਸਾਨ ਆਮ ਜਨਤਾ ਨੂੰ ਭੁਗਤਣਾ ਪਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਹੁਣ ਕੰਪਨੀਆਂ ਨੂੰ ਅਮਰੀਕੀ ਜਨਤਾ ਦਾ ਸ਼ੋਸ਼ਣ ਨਹੀਂ ਕਰਨ ਦਿੱਤਾ ਜਾਵੇਗਾ।

ਟਰੰਪ ਪ੍ਰਸ਼ਾਸਨ ਲਗਾਤਾਰ ਅਜਿਹੇ ਕਦਮ ਉਠਾ ਰਿਹਾ ਹੈ, ਜਿਸ ਨਾਲ ਖਪਤਕਾਰਾਂ ਨੂੰ ਰਾਹਤ ਮਿਲ ਸਕੇ। ਇਸ ਤੋਂ ਪਹਿਲਾਂ ਸਰਕਾਰ ਨੇ 200 ਅਰਬ ਡਾਲਰ ਦੇ ਮਾਰਗੇਜ ਬਾਂਡ ਖਰੀਦਣ ਦਾ ਵੀ ਐਲਾਨ ਕੀਤਾ ਸੀ, ਤਾਂ ਜੋ ਹੋਮ ਲੋਨ (ਮਾਰਗੇਜ) ਦੀਆਂ ਦਰਾਂ ਨੂੰ ਘਟਾਇਆ ਜਾ ਸਕੇ ਅਤੇ ਲੋਕਾਂ ਲਈ ਘਰ ਖਰੀਦਣਾ ਸੌਖਾ ਹੋ ਸਕੇ।

ਇਹ ਫੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਅਮਰੀਕਾ ਵਿਚ ਵਧਦੀ ਮਹਿੰਗਾਈ ਕਾਰਨ ਆਮ ਲੋਕਾਂ 'ਤੇ ਵਿੱਤੀ ਦਬਾਅ ਲਗਾਤਾਰ ਵਧ ਰਿਹਾ ਹੈ। ਟਰੰਪ ਦੇ ਇਸ ਐਲਾਨ ਨੂੰ ਆਰਥਿਕ ਰਾਹਤ ਦੀ ਦਿਸ਼ਾ ਵਿਚ ਇੱਕ ਇਤਿਹਾਸਕ ਕਦਮ ਮੰਨਿਆ ਜਾ ਰਿਹਾ ਹੈ।




JVS LOGISTICS
2345 Enterprise Park Place Indianapolis Indiana, 46218
• ਇਥੇ ਸੈਮੀ ਟਰੱਕ ਟ੍ਰੇਲਰ ਦੀ ਮੁਰੰਮਤ ਕੀਤੀ ਜਾਂਦੀ ਹੈ
• ਇਥੇ ਅਸੀਂ Brakes, Drums, Tires, Radiators, Seals, Shocks, Air Bag ਵਰਗੀਆਂ ਸੇਵਾਵਾਂ ਦਿੰਦੇ ਹਾਂ
• ਸੇਮੀ ਟਰੱਕ ਅਤੇ ਟ੍ਰੇਲਰ ਦੀ ਪਾਰਕਿੰਗ lease ਤੇ ਲੈ ਸਕਦੇ ਹੋ
• ਕਰਾਸ ਡੌਕ ਸੇਵਾਵਾਂ
• ਲੋਡ ਟ੍ਰਾਂਸਫਰ ਅਤੇ ਰੀਸਟਾਕ ਕਰੋ
• ਟਿਲਟੇਡ ਪੈਲੇਟਸ ਨੂੰ ਸਿਧੇ ਕੀਤੇ ਜਾਂਦੇ ਹਨ
• ਖਿਲਰੇ ਹੋਏ ਲੋਡ ਨੂੰ ਰੀਸਟਾਕ ਕਰਵਾਓ
• ਇੰਡੀਆਨਾ ਏਰੀਏ 'ਚ ਲੋਡ ਡਿਲੇਵਰ ਕਰਵਾਓ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
JUGDEV SAMRA (317) 379-4065
SUKHDEV SAMRA (317) 250-3545
jvslogisticsllc@outlook.com
ਸਾਡੀ ਇਹ ਲੋਕੇਸ਼ਨ Near - Indianapolis Downtown on I-70, Exit 85B, Keystone Avenue


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

# S. Singh Cell: (510) 766-9382

**2955 N. Wilson Way Stockton , CA 95205**

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 109**

ਮਾਂਝ ਮਹਲਾ ੫ ॥ ਝੂਠਾ ਮੰਗਣੁ ਜੇ ਕੋਈ ਮਾਗੈ ॥ ਤਿਸ ਕਉ ਮਰਤੇ ਘੜੀ ਨ ਲਾਗੈ ॥ ਪਾਰਬ੍ਰਹਮੁ ਜੋ ਸਦ ਹੀ ਸੇਵੈ ਸੋ ਗੁਰ ਮਿਲਿ ਨਿਹਚਲੁ ਕਹਣਾ ॥੧॥ ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ ॥ ਗੁਣ ਗਾਵੈ ਅਨਦਿਨੁ ਨਿਤਿ ਜਾਗੀ ॥ ਬਾਹ ਪਕੜਿ ਤਿਸੁ ਸੁਆਮੀ ਮੇਲੈ ਜਿਸ ਕੈ ਮਸਤਕਿ ਲਹਣਾ ॥੨॥ ਚਰਨ ਕਮਲ ਭਗਤਾਂ ਮਨਿ ਵੁਠੇ ॥ ਵਿਣੁ ਪਰਮੇਸਰ ਸਗਲੇ ਮੁਠੇ ॥ ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ ॥੩॥ ਊਠਤ ਬੈਠਤ ਹਰਿ ਹਰਿ ਗਾਈਐ ॥ ਜਿਸੁ ਸਿਮਰਤ ਵਰੁ ਨਿਹਚਲੁ ਪਾਈਐ ॥ ਨਾਨਕ ਕਉ ਪ੍ਰਭ ਹੋਇ ਦਇਆਲਾ ਤੇਰਾ ਕੀਤਾ ਸਹਣਾ ॥੪॥੪੩॥੫੦॥ {ਪੰਨਾ 109}

ਭਾਵ ਅਰਥ:-

ਜੇ ਉਸ ਪ੍ਰਭੂ ਪਰਮਾਤਮਾ ਤੋਂ ਕੋਈ ਜੀਵ ਬਿਨਾਂ ਲੋੜ ਤੋਂ ਵਸਤ ਦਾਨ ਮੰਗੇ ਤਾਂ ਉਸ ਨੂੰ ਮਰਨ ਲੱਗਿਆ ਘੜੀ ਨਹੀਂ ਲੱਗਦੀ ,ਭਾਵ ਉਹ ਆਤਮਿਕ ਮੌਤੇ ਮਰ ਜਾਂਦਾ । ਜਿਹੜਾ ਮਨੁੱਖ ਉਸ ਪਾਰਬ੍ਰਹਮ ਪ੍ਰਭੂ ਨਾਲ ਸਦਾ ਹੀ ਲਿਵ ਲਾਈ ਰੱਖਦਾ ਹੈ, ਓਹ ਗੁਰੂ ਦੀ ਸਿੱਖਿਆ ਕਾਰਨ ਨਿਸਚਲ ,ਅਡੋਲ ਤੇ ਸਹਿਜ ਅਵਸਥਾ ਵਿੱਚ ਪਹੁੰਚ ਚੁੱਕਿਆ ਅਖਵਾਉਂਦਾ ਹੈ॥੧॥

ਜਿਸ ਮਨੁੱਖ ਦੇ ਮਨ ਵਿੱਚ ਅਕਾਲ ਪੁਰਖ ਦੀ ਪ੍ਰੇਮ ਵੰਦਨਾ ਵਸ ਗਈ ,ਉਹ ਦਿਨ ਰਾਤ ਉਸ ਦਾਤੇ ਦੇ ਗੁਣ ਗਾਉਂਦਾ ਰਹਿੰਦਾ ਹੈ। ਫੇਰ ਉਸ ਨੂੰ ਵਾਹਿਗੁਰੂ ਪਰਮਾਤਮਾ ਆਪ ਹੀ ਬਾਂਹ ਫੜ ਕੇ ਆਪਣੇ ਨਾਲ ਮਿਲਾ ਲੈਂਦਾ ਹੈ, ਭਾਵ ਆਪਣੇ ਚਰਨ ਕਮਲਾਂ ਵਿਚ ਥਾਂ ਦੇ ਦਿੰਦਾ ਹੈ॥੨॥

ਪ੍ਰਭੂ ਦੀ ਕਿਰਪਾ ਸਦਕਾ ਹੀ ਉਸ ਦੇ ਚਰਨ ਕਮਲਾਂ ਵਿੱਚ ਮਨੁੱਖ ਨੂੰ ਜਗਾ ਮਿਲਦੀ ਹੈ ਪਰ ਪਰਮੇਸ਼ਵਰ ਦੀ ਬੰਦਗੀ ਤੋਂ ਬਿਨਾਂ ਬਾਕੀ ਸਭ ਇੱਕ ਤਰਾਂ ਨਾਲ ਠੱਗੇ ਹੀ ਜਾਂਦੇ ਹਨ। ਹਰ ਰੋਜ਼ ਉਸ ਪ੍ਰਭੂ ਪਰਮਾਤਮਾ ਦੇ ਚਰਨ ਕਮਲਾਂ ਦੀ ਧੂੜ ਮੱਥੇ ਤੇ ਲਾਉਣੀ ਤੇ ਉਸ ਸਦਾ ਥਿਰ ਪ੍ਰਭੂ ਦੇ ਨਾਮ ਦੀ ਸਿਫਤ ਸਲਾਹ ਕਰਨੀ ਇੱਕ ਤਰਾਂ ਨਾਲ ਮਨੁੱਖ ਦਾ ਗਹਿਣਾ ਹੈ॥੩॥

ਹੇ ਭਾਈ! ਉਠਦੇ ਬਹਿੰਦੇ ਉਸ ਸਤਿਗੁਰ ਦਾ ਨਾਮ ਧਿਆਈਏ ਜਿਸ ਦਾ ਨਾਮ ਸਿਮਰਨ ਨਾਲ ਮਨ ਅਡੋਲ ਹੋ ਜਾਂਦਾ ਹੈ। ਹੇ ਨਾਨਕ ! ਮੇਰੇ ਉੱਤੇ ਤੂੰ (ਪ੍ਰਭੂ ਪਰਮਾਤਮਾ) ਨੇ ਬਖਸ਼ਿਸ਼ ਕੀਤੀ ਹੈ ਜਿਸ ਕਰਕੇ ਮੈਂ ਤੇਰੇ ਨਾਮ ਨਾਲ ਜੁੜ ਗਿਆ ਹਾਂ॥੪॥

ਰਾਗੁ ਮਾਝ ਅਸਟਪਦੀਆ ਮਹਲਾ ੧ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਸਬਦਿ ਰੰਗਾਏ ਹੁਕਮਿ ਸਬਾਏ ॥ ਸਚੀ ਦਰਗਹ ਮਹਲਿ ਬੁਲਾਏ ॥ ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ ॥੧॥ ਹਉ ਵਾਰੀ ਜੀਉ ਵਾਰੀ ਸਬਦਿ ਸੁਹਾਵਣਿਆ ॥ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ ॥੧॥ ਰਹਾਉ ॥ ਨਾ ਕੋ ਮੇਰਾ ਹਉ ਕਿਸੁ ਕੇਰਾ ॥ ਸਾਚਾ ਠਾਕੁਰੁ ਤ੍ਰਿਭਵਣਿ ਮੇਰਾ ॥ ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ ਪਛੋਤਾਵਣਿਆ ॥੨॥ ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥ ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥ ਮਨਮੁਖੁ ਭੂਲਾ ਠਉਰੁ ਨ ਪਾਏ ॥ ਜਮ ਦਰਿ ਬਧਾ ਚੋਟਾ ਖਾਏ ॥ ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥ ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥ ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥ ਪੇਈਅੜੈ ਪਿਰੁ ਜਾਤੋ ਨਾਹੀ ॥ ਝੂਠਿ ਵਿਛੁੰਨੀ ਰੋਵੈ ਧਾਹੀ ॥ ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥ ਪੇਈਅੜੈ ਜਿਨਿ ਜਾਤਾ ਪਿਆਰਾ ॥ ਗੁਰਮੁਖਿ ਬੂਝੈ ਤਤੁ ਬੀਚਾਰਾ ॥ ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ ॥੭॥ ਗੁਰਮੁਖਿ ਬੂਝੈ ਅਕਥੁ ਕਹਾਵੈ ॥ ਸਚੇ ਠਾਕੁਰ ਸਾਚੋ ਭਾਵੈ ॥ ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥੮॥੧॥ {ਪੰਨਾ 109}

ਭਾਵ ਅਰਥ:-

ਹੇ ਭਾਈ! ਵਾਹਿਗੁਰੂ ਦੇ ਨਾਮ ਰੰਗ ਵਿੱਚ ਤੂੰ ਵੀ ਰੰਗਿਆ ਜਾ ਸਕਦਾ ਹੈਂ ,ਜੇ ਉਸ ਦਾ ਹੁਕਮ ਹੋਵੇ, ਇਸੇ ਦੇ ਨਾਲ ਉਹ ਆਪਣੇ ਮਹਿਲ ਵੀ, ਭਾਵ ਆਪਣੇ ਚਰਨ ਕਮਲਾਂ ਵਿੱਚ ਜਗਾ ਵੀ ਦੇ ਦਿੰਦਾ ਹੈ। ਜਦੋਂ ਉਹ ਸਦਾ ਥਿਰ ਕਿਰਪਾਲੂ ਪ੍ਰਭੂ ਕਿਰਪਾ ਦੇ ਘਰ ਆਉਂਦਾ ਹੈ ਤਾਂ ਹੀ ਮਨੁੱਖ ਨੂੰ ਆਪਣੇ ਨਾਲ ਜੋੜਦਾ ਹੈ॥੧॥

ਪ੍ਰਭੂ ਦੇ ਨਾਮ ਤੋਂ ਵਾਰੀ ਵਾਰੀ ਜਾਂਦਾ ਹਾਂ, ਸੁਹਾਵਣਾ, ਅੰਮ੍ਰਿਤ ਵਰਗਾ ਮਿੱਠਾ ਤੇ ਸਦਾ ਸੁਖਦਾਤਾ ਹੈ ਮੈਂ ਉਸ ਨੂੰ ਸਦਾ ਲਈ ਆਪਣੇ ਹਿਰਦੇ ਵਿੱਚ ਵਸਾ ਲਿਆ ਹੈ॥੧॥ ਰਹਾਉ।

ਹੇ ਭਾਈ! ਨਾ ਕੋਈ ਮੇਰਾ ਹੈ ਨਾ ਹੀ ਮੈਂ ਕਿਸੇ ਦੇ ਕੰਮ ਆਉਣ ਜੋਗਾ ਹਾਂ। ਸਿਰਫ ਇਕੋ ਇਕ ਦਾਤਾ ਤਿੰਨਾਂ ਭਉਣਾਂ ਵਿਚ ਵਸੇਰਾ ਕਰਦਾ ਹੈ, ਉਹੀ ਮੇਰਾ ਮਾਲਕ ਹੈ। ਮੈਂ ਬਹੁਤ ਸਾਰੇ ਗਲਤ ਕੰਮ ਕਰ ਕਰਕੇ ਹੁਣ ਪਛਤਾਉਂਦਾ ਹਾਂ॥੨॥

ਪ੍ਰਭੂ ਦੀ ਕਿਰਪਾ ਸਦਕਾ ਹੀ ਉਸ ਦੇ ਚਰਨ ਕਮਲਾਂ ਵਿੱਚ ਮਨੁੱਖ ਨੂੰ ਜਗਾ ਮਿਲਦੀ ਹੈ ਪਰ ਪਰਮੇਸ਼ਵਰ ਤੋਂ ਬਿਨਾਂ ਬਾਕੀ ਸਭ ਇੱਕ ਤਰਾਂ ਨਾਲ ਠੱਗੇ ਹੀ ਜਾਂਦੇ ਹਨ। ਹਰ ਰੋਜ਼ ਉਸ ਪ੍ਰਭੂ ਪਰਮਾਤਮਾ ਦੇ ਚਰਨ ਕਮਲਾਂ ਦੀ ਧੂੜ ਮੱਥੇ ਤੇ ਲਾਉਣੀ ਤੇ ਉਸ ਸਦਾ ਥਿਰ ਪ੍ਰਭੂ ਦੇ ਨਾਮ ਜਪਣਾ , ਮਨੁੱਖ ਲਈ। ਸ਼ਿੰਗਾਰ ਹਨ॥੩॥

ਸੋ ਹੇ ਭਾਈ! ਉਠਦਿਆਂ ਬਹਿੰਦਿਆਂ ਉਸ ਸਰਬ ਉੱਚ ਦਾਤੇ ਦਾ ਨਾਮ ਜਪਣਾ ਕਰੀਏ ਜਿਸ ਦੀ ਕਿਰਪਾ ਨਾਲ ਮਨ ਅਡੋਲ ਤੇ ਸਹਜ ਅਵਸਥਾ ਵਿੱਚ ਆ ਜਾਂਦਾ ਹੈ। ਹੇ ਨਾਨਕ ! ਪ੍ਰਭੂ ਮੇਰੇ ਤੇ ਪੂਰਨ ਤੌਰ ਤੇ ਦਿਆਲ ਹੋ ਚੁੱਕਿਆ ਹੈ ਤੇ ਜਿਸ ਤਰਾਂ ਉਹ ਰੱਖਦਾ ਹੈ ਮੈਂ ਖੁਸ਼ੀ ਖੁਸ਼ੀ ਰਹਿੰਦਾ ਹਾਂ॥੪॥

ਪਾਪ ਕਰਨ ਵਾਲੇ ਮਨੁੱਖ ਨੂੰ ਪ੍ਰਭੂ ਪਰਮਾਤਮਾ ਦਾ ਸਾਥ ਕਦੇ ਨਹੀਂ ਮਿਲ ਸਕਦਾ । ਉਹ ਮਰਨ ਦੇ ਗੇੜ ਵਿੱਚ ਹੀ ਪਿਆ ਰਹਿੰਦਾ ਹੈ। ਜਿਸਦੇ ਮੱਥੇ ਤੇ ਚੰਗੇ ਭਾਗ ਵਾਹਿਗੁਰੂ ਪਰਮਾਤਮਾ ਨੇ ਉਕਰੇ ਹੁੰਦੇ ਹਨ ਉਹਨਾਂ ਨੂੰ ਗੁਰੂ ਦੁਆਰਾ ਦੱਸੀ ਬਾਣੀ ਤੋਂ ਬਿਨਾਂ ਕੋਈ ਹੋਰ ਨਹੀਂ ਮੇਟ ਸਕਦਾ ਤੇ ਗੁਰਮੁਖ ਹੀ ਮੁਕਤੀ ਦੁਆ ਸਕਦਾ ਹੈ॥੫॥

ਇਹ ਜੀਵ ਇਸਤਰੀ ਪੇਕੇ ਘਰ ਭਾਵ ਸੰਸਾਰ ਵਿੱਚ ਆਪਣੇ ਪ੍ਰੀਤਮ ਪਿਆਰੇ ਨੂੰ ਨਹੀਂ ਜਾਣਦੀ। ਝੂਠੀ ਮੂਠੀ ਉਸ ਤੋਂ ਵਿਛੜੀ ਹੋਣ ਦਾ ਢੋਂਗ ਕਰਦੀ ਹੈ। ਅਵਗੁਣਾਂ ਨਾਲ ਭਰੀ ਹੋਈ ਵਿਕਾਰਾਂ ਨਾਲ ਭਰੀ ਹੋਈ ਜੀਵ ਇਸਤਰੀ ਠੱਗੀ ਠੱਗੀ ਜਿਹੀ ਫਿਰਦੀ ਹੈ ਇਸ ਨੂੰ ਮਹਾਰਾਜ ਦਾ ਘਰ ਦਾ ਮਾਰਗ ਨਹੀਂ ਲੱਭਦਾ ਤੇ ਜਦੋਂ ਵਾਹਿਗੁਰੂ ਦਇਆ ਕਰ ਦਿੰਦਾ ਹੈ ਤਾਂ ਇਸਦੇ ਅਵਗੁਣਾਂ ਨੂੰ ਮੇਟ ਕੇ ਆਪਣੇ ਗਲ ਨਾਲ ਲਾ ਲੈਂਦਾ॥੬॥

ਜਿਸ ਨੇ ਇਸ ਸੰਸਾਰ ਵਿੱਚ ਹੀ ਉਸ ਆਪਣੇ ਪ੍ਰੀਤਮ ਪਿਆਰੇ ਨੂੰ ਸਮਝ ਲਿਆ, ਉਹ ਗੁਰਮੁਖ ਹੈ ,ਭਾਵ ਉਸਦਾ ਮੁਖ ਗੁਰੂ ਵੱਲ ਹੈ ਕਹਿਣ ਦਾ ਮਤਲਬ ਕਿ ਉਸ ਨੇ ਗੁਰੂ ਤੋਂ ਸਿੱਖਿਆ ਲਈ ਹੈ ਤੇ ਗੁਰੂ ਦੇ ਆਚਾਰ ਵਿਹਾਰ ਦੇ ਮੁਤਾਬਿਕ ਹੀ ਚੱਲਦਾ ਹੈ। ਬਾਕੀ ਜਿਸ ਨੇ ਉਸ ਪ੍ਰਭੂ ਪਰਮਾਤਮਾ ਅਕਾਲ ਪੁਰਖ ਨਾਲ ਲਿਵ ਲਾ ਲਈ ਸਿਫਤ ਸਲਾਹ ਕਰਨ ਲਈ ਉਹਦੇ ਨਾਮ ਨਾਲ ਜੁੜਿਆ ਰਿਹਾ ਉਸ ਦਾ ਜਨਮ ਮਰਨ ਦਾ ਗੇੜ ਮੁੱਕ ਗਿਆ॥੭॥

ਜਿਸ ਮਨੁੱਖ ਦਾ ਮੁੱਖ ਗੁਰੂ ਵੱਲ ਹੈ ਉਹ ਪ੍ਰਭੂ ਪਰਮਾਤਮਾ ਦੀ ਨਾ ਕਹੀ ਜਾਣ ਵਾਲੀ ਕਹਾਣੀ ਵੀ ਬੁਝ ਲੈਂਦਾ ਹੈ ਫਿਰ ਉਹ ਸੱਚੇ ਪ੍ਰਭੂ ਅਕਾਲ ਪੁਰਖ ਨੂੰ ਵੀ ਪਾ ਲੈਂਦਾ ਹੈ। ਉਹੀ ਮਨੁੱਖ ਪਸੰਦ ਆਉਣ ਲੱਗ ਜਾਂਦਾ ਹੈ ਚੰਗਾ ਲੱਗਣ ਲੱਗਣ ਲੱਗ ਜਾਂਦਾ ਹੈ। ਹੇ ਨਾਨਕ! ਮੇਰਾ ਮਿਲਾਪ ਉਸ ਸਤ ਕਰਤਾਰ ਨਾਲ ਉਹਦੇ ਗੁਣ ਗਾਉਣ ਕਰਕੇ ਤੇ ਉਹਦੇ ਅੱਗੇ ਅਰਦਾਸ ਬੇਨਤੀ ਕਰਨ ਕਰਕੇ ਹੋ ਗਿਆ ਹੈ॥੮॥।

**ਅੰਗ 110**

ਮਾਝ ਮਹਲਾ ੩ ਘਰੁ ੧ ॥

ਕਰਮੁ ਹੋਵੈ ਸਤਿਗੁਰੂ ਮਿਲਾਏ ॥ ਸੇਵਾ ਸੁਰਤਿ ਸਬਦਿ ਚਿਤੁ ਲਾਏ ॥ ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥ ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥ ਤਨੁ ਮਨੁ ਖੋਜੇ ਤਾ ਨਾਉ ਪਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥੨॥ ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥ ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥ ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦੀ ਮੰਨਿ ਵਸਾਈ ॥ ਅਨਦਿਨੁ ਸਦਾ ਰਹੈ ਰੰਗਿ ਰਾਤਾ ਦਰਿ ਸਚੈ ਸੋਝੀ ਪਾਵਣਿਆ ॥੪॥ ਪਾਪ ਪੁੰਨ ਕੀ ਸਾਰ ਨ ਜਾਣੀ ॥ ਦੂਜੈ ਲਾਗੀ ਭਰਮਿ ਭੁਲਾਣੀ ॥ ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥ ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥ ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥ ਹਉਮੈ ਮਾਰਿ ਮੰਨਿ ਵਸਾਇਆ ॥ ਗੁਰ ਚਰਣੀ ਸਦਾ ਚਿਤੁ ਲਾਇਆ ॥ ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥ ਜੀਵਣੁ ਮਰਣਾ ਸਭੁ ਤੁਧੈ ਤਾਈ ॥ ਜਿਸੁ ਬਖਸੇ ਤਿਸੁ ਦੇ ਵਡਿਆਈ ॥ ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥੮॥੧॥੨॥ {ਪੰਨਾ 110}

ਭਾਵ ਅਰਥ:-

ਜੇ ਭਾਗਾਂ ਚ ਲਿਖਿਆ ਹੋਵੇ ਤਾਂ ਸੱਚਾ ਗੁਰੂ ਅਕਾਲ ਪੁਰਖ ਦੇ ਚਰਨਾਂ ਨਾਲ ਜੋੜ ਦਿੰਦਾ ਹੈ। ਉਹ ਗੁਰੂ ਮਨੁੱਖ ਦੀ ਸੁਰਤ ਪ੍ਰਭੂ ਪਰਮਾਤਮਾ ਦੀ ਸੇਵਾ ਵੱਲ ਲਾਉਂਦਾ ਹੈ, ਸ਼ਬਦ ਵਿੱਚ ਧਿਆਨ ਲਵਾਉਂਦਾ ਹੈ, ਹਉਮੈ ਨੂੰ ਮਾਰ ਮੁਕਾਉਂਦਾ ਹੈ ਤੇ ਮਾਇਆ ਦੇ ਮੋਹ ਨੂੰ ਦੂਰ ਕਰਕੇ ਮਨੁੱਖ ਨੂੰ ਸੁਖੀ ਜੀਵਨ ਪ੍ਰਦਾਨ ਕਰਦਾ ਹੈ॥੧॥

ਮੈਂ ਐਸੇ ਸੱਚੇ ਗੁਰੂ ਤੋਂ ਵਾਰੀ ਤੇ ਬਲਿਹਾਰੀ ਜਾਂਦਾ ਹਾਂ। ਗੁਰੂ ਦੀ ਦਿੱਤੀ ਹੋਈ ਮੱਤ ਨਾਲ ਮਨ ਅੰਦਰ ਪ੍ਰਕਾਸ਼ ਹੋ ਜਾਂਦਾ ਹੈ ,ਜਿਸ ਕਾਰਨ ਮਨੁੱਖ ਦਿਨ ਰਾਤ ਪ੍ਰਭੂ ਨਾਮ ਦਾ ਗੁਣਗਾਨ ਕਰਦਾ ਹੈ॥੧॥ ਰਹਾਉ॥

ਅਕਾਲ ਪੁਰਖ ਦਾ ਨਾਮ ਕਿਤੇ ਬਾਹਰੋਂ ਨਹੀਂ ਲੱਭਿਆ ਜਾਂਦਾ ਤਨ ਅਤੇ ਮਨ ਨੂੰ ਖੋਜਣ ਨਾਲ ਹੀ ਇਸ ਦੀ ਪ੍ਰਾਪਤੀ ਹੁੰਦੀ ਹੈ, ਕਿਉਂਕਿ ਉਹ ਵਾਹਿਗੁਰੂ ਸੱਚੇ ਪਾਤਸ਼ਾਹ ਹਰ ਬੰਦੇ ਦੇ ਅੰਦਰ ,ਹਰ ਜੀਵ ਦੇ ਅੰਦਰ ਵੱਸਦਾ ਹੈ॥ ਇਸ ਦੇ ਨਾਲ ਹੀ ਓਹੋ ਪ੍ਰਭੂ ਮਨ ਨੂੰ ਟਿਕਾ ਦਿੰਦਾ ਹੈ, ਭੱਜਣ ਦੌੜਨ ਤੋਂ ਮਨ ਨੂੰ ਰੋਕਦਾ। ਗੁਰੂ ਦੁਆਰਾ ਦੱਸੀ ਹੋਈ ਬਾਣੀ ਦੀ ਭਗਤੀ ਹਰ ਰੋਜ ਕਰਨ ਨਾਲ ਮਨ ਅੰਦਰ ਸਹਿਜ ਵੱਸ ਜਾਂਦਾ ਹੈ॥੨॥

ਹੇ ਭਾਈ! ਇਸ ਸਰੀਰ ਦੇ ਅੰਦਰ ਅਸੰਖ ਤਰਾਂ ਦੇ ਵਿਚਾਰ ਤੇ ਅਵਸਥਾਵਾਂ ਹਨ ਭਾਵ ਅਧਿਆਤਮ ਵੀ ਹੈ, ਪਰ ਇਸ ਨੂੰ ਕੋਈ ਵਿਰਲਾ ਗੁਰਮੁਖ ਹੀ ਲਭ ਸਕਦਾ। ਸਾਡੇ ਸਰੀਰ ਅੰਦਰ ਨੌਂ ਦਰਵਾਜਿਆਂ ਦੇ ਰੂਪ ਵਿੱਚ ਨੌਂ ਇੰਦਰੀਆਂ ਬਾਹਰ ਵੱਲ ਨੂੰ ਖੁੱਲਦੀਆਂ ਹਨ ਪਰ ਦਸਵਾਂ ਦੁਆਰ ਅਦਿੱਖ ਹੈ , ਇਸ ਦਸਵੇਂ ਦੁਆਰ ਵਿੱਚ ਇਕ ਬਿਨਾਂ ਵਜਾਇਆਂ ਧੁਨ ਵੱਜਦੀ ਹੈ, ਸੁਰ ਵੱਜਦੀ ਤੇ ਜਿਹੜਾ ਬੰਦਾ ਪ੍ਰਭੂ ਪਰਮਾਤਮਾ ਦੇ ਨਾਮ ਵਿੱਚ ਰੰਗਿਆ ਜਾਂਦਾ ਹੈ ਉਸ ਨੂੰ ਇਹ ਧੁਨ ਸੁਣਾਈ ਦਿੰਦੀ ਹੈ॥੩॥

ਉਹ ਪ੍ਰਭੂ ਸਦਾ ਥਿਰ ਹੈ ਤੇ ਉਹਦਾ ਨਾਮ ਸੱਚਾ ਹੈ ਤੇ ਉਹ ਗੁਰੂ ਦੀ ਕਿਰਪਾ ਹੋਵੇ ਤਾਂ ਹੀ ਮਨ ਵਿੱਚ ਵੱਸ ਸਕਦਾ ਹੈ। ਜਿਹੜਾ ਪ੍ਰਾਣੀ ਦਿਨ ਰਾਤ ਉਸ ਅਕਾਲ ਪੁਰਖ ਦੇ ਨਾਮ ਵਿੱਚ ਰੰਗਿਆ ਰਹਿੰਦਾ ਹੈ ਭਾਵ ਭਗਤੀ ਵਿੱਚ ਲੀਨ ਰਹਿੰਦਾ ਹੈ ,ਉਸਨੂੰ ਹੀ ਸੋਝੀ ਮਿਲਦੀ ਹੈ, ਅਕਲ ਮਿਲਦੀ ਹੈ ਸਮਝ ਆਉਂਦੀ ਹੈ॥੪॥

ਦੂਜੇ ਭਾਵਾਂ ਨਾਲ ਲੱਗ ਕੇ, ਭਾਵ ਮਾਇਆ ਦੇ ਮਗਰ ਲੱਗ ਕੇ (ਵਿਕਾਰਾਂ ਦੇ ਵਿੱਚ ),ਬੰਦਾ ਭੁਲੇਖਿਆਂ ਵਿੱਚ ਹੀ ਰਹਿ ਜਾਂਦਾ ਹੈ ,ਉਸ ਨੂੰ ਪਾਪ ਤੇ ਪੁੰਨ ਵਿੱਚ ਅੰਤਰ ਨਹੀਂ ਪਤਾ ਲੱਗਦਾ । ਇਸ ਤਰਾਂ ਉਹ ਅਸਲੀ ਮਾਰਗ ਤੋਂ ਯਾਨੀ ਭਗਤੀ ਦਾ ਮਾਰਗ ਭਟਕ ਜਾਂਦਾ ਹੈ ਅਤੇ ਉਸਦੇ ਜੀਵਨ ਨੂੰ ਟਿਕਾਈ ਨਾ ਮਿਲਣ ਕਰਕੇ ਬਾਰ ਬਾਰ ਜਨਮ ਮਰਨ ਦੇ ਗੇੜ ਵਿੱਚ ਭਟਕਦਾ ਰਹਿੰਦਾ ਹੈ॥੫॥

ਗੁਰੂ ਦੀ ਕਿਰਪਾ ਨਾਲ ,ਉਹਦੀ ਸੇਵਾ ਕਰਕੇ, ਮੈਨੂੰ ਸੁਖ ਮਿਲਿਆ ਤੇ ਮੇਰਾ ਸਾਰਾ ਹੰਕਾਰ ਖਤਮ ਹੋ ਗਿਆ। ਮੇਰੇ ਮਨ ਦੇ ਬਹੁਤ ਸਖਤ ਦਰਵਾਜ਼ੇ ਵੀ ਖੁੱਲ ਗਏ ਹਨ ਤੇ ਮੈਨੂੰ ਚਾਨਣਾ ਹੋ ਗਿਆ ਹੈ ਕਿ ਮੈਂ ਕਰਨਾ ਕੀ ਹੈ (ਭਾਵ ਮੈਂ ਇਸ ਜੀਵਨ ਵਿੱਚ ਉਸ ਅਕਾਲ ਪੁਰਖ ਦੀ ਉਸਤਤ ਕਰਨ ਆਇਆ ਹਾਂ)॥੬॥

ਇਸ ਤਰਾਂ ਮੇਰੇ ਅੰਦਰੋਂ ਹੰਕਾਰ ਰੂਪੀ ਦੈਂਤ ਸਦਾ ਲਈ ਮਰ ਗਿਆ ਤੇ ਸੱਚੇ ਪਾਤਸ਼ਾਹ ਦਾ ਨਾਮ ਸਦਾ ਲਈ ਵੱਸ ਗਿਆ ਤੇ ਉਸ ਦੇ ਚਰਨ ਕਮਲਾਂ ਨਾਲ ਲੱਗਣ ਦਾ ਮੌਕਾ ਮਿਲ ਗਿਆ ਹੈ। ਇਹ ਸਾਰਾ ਕੁਛ ਗੁਰੂ ਦੀ ਕਿਰਪਾ ਨਾਲ ਹੀ ਹੋਇਆ ਹੈ ਜਿਸ ਕਰਕੇ ਮੇਰਾ ਮਨ ਤਨ ਪਵਿੱਤਰ ਹੋ ਗਿਆ ਤੇ ਮੈਂ ਨਾਮ ਨਾਲ ਵਿੱਝ ਗਿਆ ਹਾਂ॥੭॥

ਹੇ ਗੋਬਿੰਦ ਪ੍ਰਭੂ ! ਮੇਰਾ ਜਿਉਣਾ ਤੇ ਮਰਨਾ ਸਭ ਤੇਰੇ ਹੱਥ ਹੈ ਬਾਕੀ ਜਿਸ ਦੇ ਉੱਤੇ ਕਿਰਪਾ ਕਰਦਾ ਹੈਂ ਉਸ ਨੂੰ ਮਾਣ ਯਸ ਵੀ ਆਪ ਹੀ ਦਿੰਦਾ ਹੈਂ। ਹੇ ਨਾਨਕ! ਪ੍ਰਭ ਨੇ ਆਪਣਾ ਨਾਮ ਮੇਰੇ ਕੋਲੋਂ ਧਿਆਉਣਾ ਕਰਾਇਆ, ਇਸ ਕਾਰਨ ਜਨਮ ਮਰਨ ਦਾ ਗੇੜ ਖਤਮ ਹੋਣ ਕਰਕੇ ਮੇਰਾ ਜੀਵਨ ਸਵਰ ਗਿਆ ਹੈ॥੮॥

ਮਾਝ ਮਹਲਾ ੩ ॥

ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ ॥ ਬਿਨੁ ਤਕੜੀ ਤੋਲੈ ਸੰਸਾਰਾ ॥ ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਹਰਿ ਕਾ ਨਾਮੁ ਮੰਨਿ ਵਸਾਵਣਿਆ ॥ ਜੋ ਸਚਿ ਲਾਗੇ ਸੇ ਅਨਦਿਨੁ ਜਾਗੇ ਦਰਿ ਸਚੈ ਸੋਭਾ ਪਾਵਣਿਆ ॥੧॥ ਰਹਾਉ ॥ ਆਪਿ ਸੁਣੈ ਤੈ ਆਪੇ ਵੇਖੈ ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥ ਆਪੇ ਲਾਇ ਲਏ ਸੋ ਲਾਗੈ ਗੁਰਮੁਖਿ ਸਚੁ ਕਮਾਵਣਿਆ ॥੨॥ ਜਿਸੁ ਆਪਿ ਭੁਲਾਏ ਸੁ ਕਿਥੈ ਹਥੁ ਪਾਏ ॥ ਪੂਰਬਿ ਲਿਖਿਆ ਸੁ ਮੇਟਣਾ ਨ ਜਾਏ ॥ ਜਿਨ ਸਤਿਗੁਰੁ ਮਿਲਿਆ ਸੇ ਵਡਭਾਗੀ ਪੂਰੈ ਕਰਮਿ ਮਿਲਾਵਣਿਆ ॥੩॥ ਪੇਈਅੜੈ ਧਨ ਅਨਦਿਨੁ ਸੁਤੀ ॥ ਕੰਤਿ ਵਿਸਾਰੀ ਅਵਗਣਿ ਮੁਤੀ ॥ ਅਨਦਿਨੁ ਸਦਾ ਫਿਰੈ ਬਿਲਲਾਦੀ ਬਿਨੁ ਪਿਰ ਨੀਦ ਨ ਪਾਵਣਿਆ ॥੪॥ ਪੇਈਅੜੈ ਸੁਖਦਾਤਾ ਜਾਤਾ ॥ ਹਉਮੈ ਮਾਰਿ ਗੁਰ ਸਬਦਿ ਪਛਾਤਾ ॥ ਸੇਜ ਸੁਹਾਵੀ ਸਦਾ ਪਿਰੁ ਰਾਵੇ ਸਚੁ ਸੀਗਾਰੁ ਬਣਾਵਣਿਆ ॥੫॥ ਲਖ ਚਉਰਾਸੀਹ ਜੀਅ ਉਪਾਏ ॥ ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ ॥ ਕਿਲਬਿਖ ਕਾਟਿ ਸਦਾ ਜਨ ਨਿਰਮਲ ਦਰਿ ਸਚੈ ਨਾਮਿ ਸੁਹਾਵਣਿਆ ॥੬॥ ਲੇਖਾ ਮਾਗੈ ਤਾ ਕਿਨਿ ਦੀਐ ॥ ਸੁਖੁ ਨਾਹੀ ਫੁਨਿ ਦੂਐ ਤੀਐ ॥ ਆਪੇ ਬਖਸਿ ਲਏ ਪ੍ਰਭੁ ਸਾਚਾ ਆਪੇ ਬਖਸਿ ਮਿਲਾਵਣਿਆ ॥੭॥ ਆਪਿ ਕਰੇ ਤੈ ਆਪਿ ਕਰਾਏ ॥ ਪੂਰੇ ਗੁਰ ਕੈ ਸਬਦਿ ਮਿਲਾਏ ॥ ਨਾਨਕ ਨਾਮੁ ਮਿਲੈ ਵਡਿਆਈ ਆਪੇ ਮੇਲਿ ਮਿਲਾਵਣਿਆ ॥੮॥੨॥੩॥ {ਪੰਨਾ 110-111}

ਹੇ ਭਾਈ! ਮੇਰੇ ਸੱਚੇ ਪਾਤਸ਼ਾਹ ਦੀ ਵਡਿਆਈ ਇਹ ਹੈ ਕਿ ਉਹ ਨਿਰਛਲ ਤੇ ਸਾਡੀ ਗਿਆਨ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੈ। ਉਹ ਦਾਤਾ ਸੰਸਾਰ ਦਾ ਹਿਸਾਬ ਕਿਤਾਬ ਬਿਨਾਂ ਕਿਸੇ ਤਕੜੀ ਦੇ ਤੋਲਿਆਂ ਹੀ ਰੱਖ ਲੈਂਦਾ ਹੈ। ਪ੍ਰਭੂ ਦੇ ਇਹਨਾਂ ਗੁਣਾਂ ਨੂੰ ਕੋਈ ਵਿਰਲਾ ਗੁਰਮੁਖ ਹੀ ਜਾਣ ਸਕਦਾ ਹੈ॥੧॥

ਮੈਂ ਉਸ ਹਰੀ ਪਰਮਾਤਮਾ ਤੋਂ ਸਦਕੇ ਜਾਂਦਾ ਹਾਂ ਜਿਸ ਦਾ ਨਾਮ ਮੇਰੇ ਮਨ ਵਿੱਚ ਵੱਸ ਚੁੱਕਿਆ ਹ। ਜਿਹੜਾ ਮਨੁੱਖ ਉਸ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਨੂੰ ਦਿਨ ਰਾਤ ਯਾਦਾਂ ਵਿੱਚ ਰੱਖਦਾ ਹੈ ਉਸ ਨੂੰ ਹੀ ਸੋਭਾ ਮਿਲਦੀ ਹੈ॥੧॥ ਰਹਾਉ॥

ਉਹ ਪ੍ਰਭੂ ਅਪਰੰਪਾਰ ਹੈਂ, ਸਭ ਕੁਛ ਦੇਖਦਾ ਤੇ ਸੁਣਦਾ ਹੈ ,ਜਿਸ ਉੱਤੇ ਉਸਦੀ ਕਿਰਪਾ ਹੋ ਜਾਂਦੀ ਹੈ ,ਉਸਦੇ ਭਾਗ ਸਵਾਰ ਦਿੰਦਾ ਹੈ ।ਜਿਹੜਾ ਗੁਰਮੁਖ ਸੱਚ ਦੀ ਕਮਾਈ ਕਰਦਾ ਹੈ ,ਗੋਬਿੰਦ ਪ੍ਰਭੂ ਉਸ ਨੂੰ ਆਪਣੇ ਸੀਨੇ ਨਾਲ ਆਪ ਲਾਉਂਦਾ ਹੈ॥੨॥

ਉਹ ਸਦਾ ਥਿਰ ਨਿਰੰਕਾਰ ਦੀ ਵਿਲੱਖਣਤਾ ਇਹ ਹੈ ਕਿ ਜਿਸ ਨੇ ਜਿਸ ਤਰਾਂ ਦੇ ਕਰਮ ਕੀਤੇ ਹੋਣ ਉਸ ਨੂੰ ਰਸਤੇ ਤੋਂ ਭਟਕਾਉਂਦਾ ਵੀ ਆਪ ਹੈ ਤੇ ਫਿਰ ਅਜਿਹੇ ਮਨੁੱਖ ਨੂੰ ਸੱਚਾ ਮਾਰਗ ਨਹੀਂ ਲੱਭਦਾ। ਗੁਰੂ ਵੱਡੇ ਭਾਗਾਂ ਨਾਲ ਹੀ ਮਿਲ ਸਕਦਾ ਹੈ ਉਸ ਮਨੁੱਖ ਨੂੰ ਜਿਸ ਦੇ ਪੂਰਬਲੇ ਕਰਮ ਚੰਗੇ ਹੋਣ॥੩॥

ਜੀਵ ਇਸਤਰੀ ਪੇਕੇ ਘਰ ਭਾਵ ਸੰਸਾਰ ਵਿੱਚ ਆਪਣੇ ਪਤੀ ਪਰਮੇਸ਼ਵਰ ਨੂੰ ਭੁੱਲ ਕੇ ਦਿਨ ਰਾਤ ਸੁੱਤੀ ਰਹਿੰਦੀ ਹੈ ਅਜਿਹੀ ਜੀਵ ਇਸਤਰੀ ਨੂੰ ਗੁਣਾਂ ਤੋਂ ਰਹਿਤ ਹੀ ਕਹਾਂਗੇ। ਮੁੜ ਇਸ ਨੂੰ ਪ੍ਰਭੂ ਪ੍ਰੀਤਮ ਪਿਆਰੇ ਦਾ ਸਾਥ ਨਾ ਮਿਲਣ ਕਰਕੇ ਇਧਰ ਉਧਰ ਭਟਕਦੀ ਹੀ ਰਹਿੰਦੀ ਹੈ ਅਤੇ ਉਸਨੂੰ ਪਿਆਰੇ ਬਿਨਾਂ ਨੀਂਦ ਵੀ ਨਹੀਂ ਪੈਂਦੀ,ਭਾਵ ਮਨ ਸ਼ਾਂਤ ਨਹੀਂ ਹੁੰਦਾ॥੪॥

ਜੇ ਇਹ ਜੀਵ ਇਸਤਰੀ ਆਪਣੇ ਸੰਸਾਰਿਕ ਜੀਵਨ ਵਿੱਚ ਆਪਣੇ ਅੰਦਰਲੀ ਹਉਮੈ ਨੂੰ ਮਾਰ ਕੇ ਪ੍ਰਭੂ ਨਾਮ ਨੂੰ ਪਛਾਣ ਲੈਂਦੀ ਹੈ ਤਾਂ ਪੇਕੇ ਘਰ ਵਿੱਚ ਭਾਵ ਇਸ ਸੰਸਾਰ ਵਿੱਚ ਸੁਖ ਮਾਣਦੀ ਹੈ। ਜੇ ਇਹ ਜੀਵ ਇਸਤਰੀ ਅਕਾਲ ਪੁਰਖ ਦੇ ਨਾਮ ਦੀ ਬੰਦਨਾ ਨਾਲ ਜੁੜੀ ਰਹਿੰਦੀ ਹੈ ਜਿਹੜਾ ਕਿ ਇਸ ਦਾ ਸ਼ਿੰਗਾਰ ਹੈ ਤਾਂ ਇਸ ਨੂੰ ਪ੍ਰਭੂ ਪਰਮਾਤਮਾ ਦੀ ਸੇਜ ਦਾ ਸਾਥ ਮਿਲਦਾ ਹੈ ਭਾਵ ਪ੍ਰਭੂ ਪਰਮਾਤਮਾ ਮਨੁੱਖ ਨੂੰ ਆਪਣੇ ਚਰਨ ਕਮਲਾਂ ਵਿੱਚ ਜਗਾ ਦਿੰਦਾ ਹੈ॥੫॥

ਉਸ ਨਿਰੰਕਾਰ ਪ੍ਰਭੂ ਦੀ ਖੇਡ ਵੇਖੋ ਕਿ ਉਸ ਨੇ 84 ਲੱਖ ਜੀਵ ਜੰਤੂ ਪੈਦਾ ਕੀਤੇ ਹਨ ਪਰ ਗੁਰੂ ਦਾ ਸਾਥ ਫਿਰ ਉਸ ਨੂੰ ਹੀ ਦਿੱਤਾ ਹੈ ਜਿਸ ਉੱਤੇ ਉਸਨੇ ਆਪ ਕਿਰਪਾ ਕੀਤੀ ਹੈ। ਜਿਹੜਾ ਮਨੁੱਖ ਨਾਮ ਦੀ ਚਰਚਾ ਵਿੱਚ ਲਗਨ ਲਾਉਂਦਾ ਹੈ ਉਸ ਦੇ ਸਾਰੇ ਦੁੱਖ ਦਰਦ ਕੱਟੇ ਜਾਂਦੇ ਹਨ ਤੇ ਉਹ ਪ੍ਰਭੂ ਦਰ ਤੇ ਪਛਾਣਿਆ ਜਾਂਦਾ ਹੈ॥੬॥

ਜਿਸ ਮਨੁੱਖ ਨੇ ਆਪਣੇ ਜੀਵਨ ਵਿੱਚ ਮਾੜੇ ਕਰਮ ਕੀਤੇ ਹਨ ,ਧਰਮਰਾਜ ਉਸ ਤੋਂ ਲੇਖਾ ਮੰਗਦਾ ਹੈ ,ਇਸ ਤਰਾਂ ਉਸ ਮਨੁੱਖ ਨੂੰ ਕਦੇ ਸੁੱਖ ਨਹੀਂ ਮਿਲਦਾ, ਉਸ ਦਾਤੇ ਦੀ ਨਦਰ ਏ ਇਨਾਇਤ ਹੋ ਜਾਵੇ ਤਾਂ ਸਾਰੇ ਪਾਪ ਕੱਟ ਦਿੰਦਾ ਹੈ। ਬਾਕੀ ਸਭ ਕੁਝ ਉਸੇ ,ਉਪਰ ਵਾਲੇ ਦੇ ਹੱਥ ਵਿੱਚ ਹੈ ਤੇ ਉਹ ਸਭ ਕੁਝ ਆਪ ਹੀ ਕਰਦਾ ਤੇ ਕਰਵਾਉਂਦਾ ਹੈ। ਸੰਪੂਰਨ ਗੁਰੂ ਦੁਆਰਾ ਸ਼ਬਦ ਨਾਲ ਮਿਲਾਵਾ ਵੀ ਉਹ ਆਪ ਹੀ ਕਰਵਾਉਂਦਾ ਹੈ। ਹੇ ਨਾਨਕ !ਉਹ ਆਪਣੇ ਨਾਲ ਮਨੁੱਖ ਨੂੰ ਆਪ ਹੀ ਮਿਲਾਉਂਦਾ ਹੈ ਤੇ ਆਪ ਹੀ ਉਸਨੂੰ ਸਨਮਾਨ ਦਵਾਉਂਦਾ ਹੈ॥੮॥



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE IMMIGRATION

*Where Hope Meets*

# IMMIGRATION OPPORTUNITIES

**USA SERVICES :**

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

**INDIAN SERVICES :**

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001



SANJHI SOCH
ਬਲਵਿੰਦਰ ਬਾਲਮ
ਉਂਕਾਰ ਨਗਰ
ਗੁਰਦਾਸਪੁਰ (ਪੰਜਾਬ)
98156-25409

# ਸਾਹਿਤਕ ਅਤੇ ਕਾਵਿਕ ਫੋਟੋਗ੍ਰਾਫੀ ਦਾ ਉਸਤਾਦ- ਲੇਖਕ ਹਰਭਜਨ ਬਾਜਵਾ

ਪ੍ਰਸਿੱਧ ਸਾਹਿਤਕ ਅਤੇ ਕਾਵਿਕ ਫੋਟੋਗ੍ਰਾਫਰ ਹਰਭਜਨ ਬਾਜਵਾ ਦੇਸ਼ ਵਿਦੇਸ਼ ਦੇ ਪ੍ਰਸਿੱਧ ਫੋਟੋਗ੍ਰਾਫਰ ਵਿੱਚ ਉਸ ਦਾ ਨਾਂਅ ਹੈ। ਸਰਕਾਰੀ ਪੋਲੀਟੈਕਨਿਕ ਕਾਲਿਜ ਬਟਾਲਾ (ਜ਼ਿਲ੍ਹਾ ਗੁਰਦਾਸਪੁਰ, ਪੰਜਾਬ) ਦੇ ਸਾਹਮਣੇ ਬਾਜਵਾ ਫੋਟੇਸ ਸਟੂਡੀਓ ਅਤੇ ਇਸ ਦੇ ਉੱਪਰ ਉਸ ਦੀ ਰਿਹਾਇਸ਼। ਉਸ ਦੇ ਸਟੂਡੀਓ ਵਿੱਚ ਸਾਹਿੱਤਕ ਅਤੇ ਕਲਾਤਮਿਕ ਫੋਟੋਆਂ ਦੀ ਪ੍ਰਦਰਸ਼ਨੀ ਚੌਵੀ ਘੰਟੇ ਵੇਖੀ ਜਾ ਸਕਦੀ।

ਪੰਜਾਬ, ਪੰਜਾਬੀ, ਪੰਜਾਬੀਅਤ, ਸਾਹਿਤਕ, ਕਲਾਤਮਿਕ ਅਤੇ ਕਾਵਿਕ ਫੋਟੋਗ੍ਰਾਫੀ ਨੂੰ ਸਮਰਪਿਤ ਹੈ ਹਰਭਜਨ ਬਾਜਵਾ, ਅੱਖ ਦੇ ਇਸ਼ਾਰੇ ਨਾਲ ਅੰਬਰੋਂ ਤਾਰੇ ਤੋੜ ਲਿਆਉਣ ਵਾਲਾ ਬੰਦਾ, ਮੂੰਹ ਫੱਟ, ਸੱਚਾ ਸੁੱਚਾ, ਭਾਵੇਂ ਤੂੰ-ਤੂੰ, ਮੈਂ-ਮੈਂ ਹੋ ਜਾਏ ਪਰ ਸੱਚ ਕਹਿਣੋਂ ਬਾਜ਼ ਨਹੀਂ ਆਉਂਦਾ। ਕਈ ਲੋਕ ਉਸ ਨੂੰ ਸਿਰ ਫਿਰਾ, ਪਾਗਲ, ਸ਼ੌਦਾਈ, ਅਲਬੇਲਾ, ਫਕੱਰ, ਕਮਲਾ ਆਦਿ ਵੀ ਕਹਿ ਦਿੰਦੇ ਹਨ। ਉਸ ਦੀ ਅੱਖ ਕੈਮਰੇ ਦੀ ਕਲਿਕ ਦਾ ਚੋਖਾ ਤਜ਼ੁਰਬਾ ਰੱਖਦੀ ਹੈ। ਉਸ ਦੀ ਅੱਖ ਕਲਾਤਮਿਕ ਚੀਜ਼ਾਂ ’ਤੇ ਜ਼ਿਆਦਾ ਟਿਕਦੀ ਹੈ। ਕੈਮਰੇ ਦੀ ਪਲਕ ਵਿੱਚ ਇੱਕ ਮਿਕਨਾਤੀਸ਼ੀ ਖਿੱਚ। ਵੈਸੇ ਉਹ ਵਿਅਕਤਿਤਵ ਤੌਰ ’ਤੇ ਯਾਰਾਂ ਦਾ ਯਾਰ, ਸੱਚੇ ਸੁੱਚੇ ਗੈਰਾਂ ਦਾ ਵੀ ਆਪਣਾ। ਗਲਤ ਬੰਦੇ ਨੂੰ ਮੂੰਹ ’ਤੇ ਗਲਤ ਕਹਿ ਦੇਣਾ ਉਸ ਦੀ ਆਦਤ ਹੈ, ਪਤਾ ਨਹੀਂ ਇਹ ਚੰਗੀ ਹੈ ਜਾਂ ਮਾੜੀ, ਪਰ ਉਹ ਇਸ ਤੋਂ ਟਸ ਤੋਂ ਮਸ ਨਈਂ ਹੁੰਦਾ। ਪੰਜਾਬ ਦਾ ਸਾਇਦ ਕੋਈ ਹੀ ਐਸਾ ਸਾਹਿਤਕਾਰ, ਨਾਟਕਕਾਰ, ਕਲਾਕਾਰ, ਪੱਤਰਕਾਰ, ਸੰਪਾਦਕ ਹੋਵੇ ਜਿਸ ਦੀ ਫੋਟੋ ਬਾਜਵੇ ਦੇ ਕੈਮਰੇ ਵਿੱਚ ਬੰਦ ਨਾ ਹੋਵੇ। ਚਾਹੇ ਪਾਕਿਸਤਾਨ ਦੇ ਸਾਹਿਤਿਕ ਕਲਾਕਾਰ ਹੋਵਣ ਜਾਂ ਪੰਜਾਬ (ਭਾਰਤ) ਦੇ ਉਸ ਦੇ ਕੈਮਰੇ ਵਿੱਚ ਸੁਸ਼ੋਭਿਤ ਹਨ। ਪੰਜਾਬ ਅਤੇ ਨਾਰਥ ਜੋਨ ਦੇ ਹਿੰਦੀ, ਪੰਜਾਬੀ, ਉਰਦੂ, ਅੰਗਰੇਜ਼ੀ, ਡੋਗਰੀ, ਸਿੰਧੀ ਆਦਿ ਭਾਸ਼ਾਵਾਂ ਦੇ ਲੇਖਕਾਂ ਦੇ ਫੋਟੋਗ੍ਰਾਫਸ ਉਸ ਕੋਲ ਮੌਜੂਦ ਹਨ। ਭਾਰਤ -ਪਾਕਿਸਤਾਨ ਦੇ ਮਸ਼ਹੂਰ ਮੇਲੇ ਉਸ ਦੇ ਕੈਮਰੇ ਵਿੱਚ ਜੀਵਤ ਹਨ। ਭਾਰਤ ਦੀਆਂ ਪਹਾੜੀਆਂ, ਫਸਲਾਂ, ਪਸ਼ੂ-ਪੰਛੀਆਂ ਦੇ ਸੁੰਦਰ ਦ੍ਰਿਸ਼ ਉਸਦੇ ਕੈਮਰੇ ਵਿੱਚ ਸਮੋਏ ਹੋਏ ਹਨ। ਉਹ ਵਧੀਆ ਲੇਖਕ ਤੇ ਕਵੀ ਵੀ ਹਨ। ਪੰਜਾਬੀ ਕਵਿਤਾਵਾਂ ਦੀਆਂ ਦੋ ਪੁਸਤਕਾਂ ਸੁੱਕੇ ਕੱਖਾਂ ਥੱਲੇ ਅੱਗ ਅਤੇ ਮੌਤ ਇੱਕ ਆਸ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਬਾਜਵਾ ਜਿੱਦੀ ਨਹੀਂ ਹੈ, ਹਾਂ ਤੇ ਹਾਂ ਜਾਂ ਨਾਂਹ ਤੇ ਨਾਂਹ, ਪਰ ਛੋਟੀ ਗਲਾਸੀ ’ਤੇ ਆਣ ਕੇ ਜਿੱਦ ਕਰਦਾ ਹੈ ਜਰੂਰ ਕਦੀ-ਕਦੀ। ਉਹ ਸੱਚੀ ਤੇ ਇਮਾਨਦਾਰੀ ਵਾਲੀ ਪੰਜਾਬੀ ਵਿੱਚ ਗੱਲ ਕਰਦਾ ਹੈ, ਦੂਸਰਿਆਂ ਸ਼ਬਦਾਂ, ਹੋਰ ਭਾਸ਼ਾਵਾਂ ਨੂੰ ਵਿੱਚ ਨਹੀਂ ਘਸੋੜਦਾ। ਤ੍ਰਿਪਤ ਪੰਜਾਬੀ ਦਾ ਸ਼ੌਦਾਈ। ਬਾਡੀ ਲੈਂਗੁਏਜ ਵਿੱਚ ਓਵਰ ਐਕਟਿੰਗ ਨਹੀਂ ਕਰਦਾ। ਉਸ ਦਾ ਪਹਿਰਾਵਾ ਵੇਖ ਕੇ ਕੋਈ ਵੀ ਕਹਿ ਸਕਦਾ ਹੈ ਕਿ ਇਹ ਬੰਦਾ ਕੋਈ ਬਲਾਅ ਹੈ। ਸਰਕੜੇ ਵਰਗੇ ਸਫੇਦ ਵਾਲ ਮੋਢਿਆਂ ਤੱਕ ਲਹਿਰਾ ਕੇ ਕੰਨਸੋਆਂ ਕਰਦੇ, ਸਿੱਖੀ ਸਰੂਪ ਮੁਕੰਮਲ ਦਾੜ੍ਹੀ, ਮੋਢੇ ਤੇ ਕੈਮਰਾ, ਕੁਰਤਾ-ਪਜਾਮਾ ਉਸ ਦੀ ਫਕੀਰਾਨਾ ਆਦਤ ਤੇ ਅਨੁਕੂਲ। ਜਦੋਂ ਉਹ ਸੱਜਣਾ-ਬੇਲੀਆਂ ਨਾਲ ਗੱਲਾਂ ਕਰਦਾ ਹੈ, ਤਾਂ ਇਵੇਂ ਲਗਦਾ ਹੈ ਜਿਵੇਂ ਕੋਈ ਕਲਾਕਾਰ ਰੰਗਮੰਚ ਦਾ ਸੂਤਰਧਾਰ ਹੋਵੇ।



ਲਲਿਤ ਕਲਾ ਅਕੈਡਮੀ ਵੱਲੋਂ ਭਾਰਤ ਪੱਧਰ ਦਾ ਸਨਮਾਨ ਲੈ ਚੁੱਕਾ ਹੈ। ਪੰਜਾਬ ਆਰਟ ਕੋਂਸਿਲ ਵਲੋਂ ਵੀ ਮਾਨ-ਸਨਮਾਨ ਲੈ ਚੁੱਕਾ ਹੈ। ਬਾਜਵਾ ਮਨ ਦਾ ਸਰਲ ਤਾਂ ਹੈ ਹੀ, ਪਰ ਮੁਸ਼ਕਿਲ ਵੀ ਹੈ। ਉਸ ਨੂੰ ਹਰ ਬੰਦਾ ਨਹੀਂ ਪੜ੍ਹ ਸਕਦਾ। ਬਟਾਲੇ ਦੇ ਬਹੁਤ ਬੁਜ਼ੁਰਗ ਉਸ ਦੇ ਯਾਰ ਰਹੇ ਹਨ। ਉਹ ਯਾਰ ਜੋ ਸਵ. ਸ਼ਿਵ ਕੁਮਾਰ ਬਟਾਲਵੀ ਦੇ ਯਾਰ ਸਨ। ਬਾਜਵਾ ਵੀ ਸ਼ਿਵ ਕੁਮਾਰ ਬਟਾਲਵੀ ਦਾ ਪੱਕਾ ਯਾਰ ਸੀ। ਉਸ ਦੇ ਸਟੂਡੀਓ ਵਿੱਚ ਕੋਈ ਨਾ ਕੋਈ ਕਲਾਕਾਰ ਵੇਖਣ ਨੂੰ ਜਰੂਰ ਮਿਲ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਨੂੰ ਬਾਜਵਾ ਸਭ ਤੋਂ ਵੱਧ ਜਾਣਦਾ ਹੈ। ਬਾਜਵਾ ਸਾਹਿਤਕ ਫੋਟੋਗ੍ਰਾਫੀ ਵਿੱਚ ਚੱਲਦਾ ਫਿਰਦਾ ਇਨਸਾਈਕਲੋਪੀਡੀਆ ਹੈ। ਜਿਉਂਦਾ ਵੱਸਦਾ ਰਵੇ।






# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO • HOME • TRUCK • BUSINESS • LIFE • MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic:43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

### WALK-INS WELCOME

ANYLABTESTNOW!



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਨੈੱਟ ਨਹੀਂ, ਚੁੱਪ, ਸੁਰੱਖਿਅਤ ਔਫਲਾਈਨ

ਇੱਕ ਸਵੇਰ ਦੇਸ਼ ਜਾਗਦਾ ਹੈ ਅਤੇ ਪਾਉਂਦਾ ਹੈ ਨੇਟ ਨਹੀਂ ਹੈ। ਮੋਬਾਈਲ ਹੱਥ ਵਿੱਚ ਹੈ, ਪਰ ਆਵਾਜ਼ ਗਾਇਬ ਹੈ। ਕੋਈ ਚੇਤਾਵਨੀ ਨਹੀਂ, ਕੋਈ ਸਮਾਂ-ਸੀਮਾ ਨਹੀਂ। ਬਸ ਇੱਕ ਅਧਿਕਾਰਤ ਵਾਕ ਇਹ ਫੈਸਲਾ ਅਚਾਨਕ ਨਹੀਂ, ਜ਼ਰੂਰੀ ਹੈ ਜਨਤਾ ਸਮਝ ਜਾਂਦੀ ਹੈ ਜਦੋਂ ਵੀ 10. ਜ਼ਰੂਰੀ ਕਿਉਰੀ ਕਿਹਾ ਜਾਂਦਾ ਹੈ, ਤਾਂ ਕੁਝ ਚੁੱਪਚਾਪ ਖੋਹ ਲਿਆ ਜਾਂਦਾ ਹੈ।

ਨੋਟਬੰਦੀ ਵਿੱਚ ਜੇਬ ਖਾਲੀ ਹੋਈ ਸੀ, ਹੁਣ ਦਿਮਾਗ। ਫਿਰ ਲੋਕ ਲਾਈਨ ਵਿੱਚ ਖੜ੍ਹੇ ਸਨ, ਹੁਣ ਚੁੱਪ। ਫ਼ਰਕ ਸਿਰਫ਼ ਇਹ ਹੈ ਕਿ ਉਦੋਂ ਬੇਅਰਾਮੀ ਦਿਖਾਈ ਦਿੰਦੀ ਸੀ, ਹੁਣ ਉਸਨੂੰ ਸ਼ਾਂਤੀ ਕਿਹਾ ਜਾ ਰਿਹਾ ਹੈ।

ਬੈਂਕ ਐਪ ਬੰਦ ਹਨ, ਯੂਪੀਆਈ ਠੱਪ ਹੈ, ਟਿਕਟ ਕੈਨਸਿਲ ਹਨ, ਕੰਮ ਅਟਕਿਆ ਹੋਇਆ ਹੈ। ਸਰਕਾਰ ਭਰੋਸਾ ਦਿੰਦੀ ਹੈ ਘਬਰਾਈ ਨਹੀਂ, ਔਫਲਾਈਨ ਵਿਕਲਪ ਮੌਜੂਦ ਹਨ। ਉਹੀ ਔਫਲਾਈਨ ਵਿਕਲਪ, ਜਿਨ੍ਹਾਂ ਨੂੰ ਪਿਛਲੇ ਇੱਕ ਦਹਾਕੇ ਵਿੱਚ "ਧਿਗਿਟਓਲ ਨਿਦਿਓ" ਦੇ ਨਾਮ 'ਤੇ ਹੌਲੀ-ਹੌਲੀ ਖਤਮ ਕਰ ਦਿੱਤਾ ਗਿਆ ਸੀ। ਹੁਣ ਉਹੀ ਵਿਕਲਪ ਰਾਸ਼ਟਰ ਦੇ ਮੁਕਤੀਦਾਤਾ ਵਜੋਂ ਦੱਸੇ ਜਾ ਰਹੇ ਹਨ।

ਟੀਵੀ ਸਟੂਡੀਓ ਪੂਰੀ ਸਮਰੱਥਾ ਨਾਲ ਚੱਲ ਰਹੇ ਹਨ। ਐਂਕਰ ਮਾਣ ਨਾਲ ਦੱਸਦਾ ਹੈ ਨੇਟਬੰਡੀ ਦੇਸ਼ ਹਿੱਤ ਵਿੱਚ ਹੈ। ਇਹ ਬਹਿਸ ਹਾਈ-ਸਪੀਡ ਨੈੱਟਵਰਕ ਅਤੇ ਸੈਟੇਲਾਈਟ ਦੀ ਸਹਾਇਤਾ ਨਾਲ ਜਾਰੀ ਹੈ। ਪੈਨਲਿਸਟ ਸਮਝਾਉਂਦੇ ਹਨ। ਇੰਟਰਨੈੱਟ ਨੇ ਨੌਜਵਾਨਾਂ ਨੂੰ ਵਿਗਾੜ ਦਿੱਤਾ ਸੀ, ਉਨ੍ਹਾਂ ਨੂੰ ਸਵਾਲ ਪੁੱਛਣ ਦੀ ਆਦਤ ਪਾ ਦਿੱਤੀ ਸੀ। ਹੁਣ ਦੇਸ਼ ਸਹੀ ਦਿਸ਼ਾ ਵਿੱਚ ਵਾਪਸ ਆ ਰਿਹਾ ਹੈ ਖਾਮੋਸ਼ੀ ਵੱਲ।

ਸਰਕਾਰੀ ਹੁਕਮ ਆਉਂਦੇ ਹਨ ਔਨਲਾਈਨ ਸੇਵਾਵਾਂ ਅਸਥਾਈ ਤੌਰ 'ਤੇ ਮੁਲਤਵੀ। ਪਰ ਅਰਜ਼ੀਆਂ ਸਿਰਫ਼ ਔਨਲਾਈਨ ਹੀ ਸਵੀਕਾਰ ਕੀਤੀਆਂ ਜਾਣਗੀਆਂ। ਸ਼ਿਕਾਇਤ ਲਈ ਵੈੱਬਸਾਈਟ ਹੈ, ਹੈਲਪਲਾਈਨ ਹੈ ਜੋ ਨੈੱਟ ਆਉਣ 'ਤੇ ਕੰਮ ਕਰੇਗੀ। ਪ੍ਰਸ਼ਾਸਨ ਸੰਤੁਸ਼ਟ ਹੈ ਪ੍ਰਣਾਲੀ ਪੂਰੀ ਤਰ੍ਹਾਂ ਚਾਲੂ ਹੈ, ਬਸ ਜਨਤਾ ਡਿਸਕਨੇਕਟ ਹੈ।

ਕਾਰੋਬਾਰ ਸੁਸਤ ਹੋ ਰਿਹਾ ਹੈ। ਸਟਾਰਟਅੱਪ ਰੁਕ ਗਏ ਹਨ। ਸਟਾਕ ਮਾਰਕੀਟ ਅਨੁਮਾਨਾਂ ਅਤੇ ਬਿਆਨਾਂ ਨਾਲ ਸਾਹ ਲੈ ਰਹੀ ਹੈ। ਸਰਕਾਰ ਕਹਿੰਦੀ ਹੈ ਦੇਸ਼ ਭਾਵਨਾਵਾਂ ਨਾਲ ਚੱਲਦਾ ਹੈ, ਡੇਟਾ ਤੋਂ ਨਹੀਂ। ਨਿਵੇਸ਼ਕ ਪੁੱਛਦੇ ਹਨ ਸਥਿਰਤਾ ਕਿੱਥੇ ਹੈ? ਜਵਾਬ ਮਿਲਦਾ ਹੈ ਸਥਿਰਤਾ ਸੱਤਾ ਵਿੱਚ ਹੈ।

ਸਿੱਖਿਆ ਪ੍ਰਣਾਲੀ ਵਿੱਚ ਵੀ ਸੁਧਾਰ ਹੋਇਆ ਹੈ। ਔਨਲਾਈਨ ਕਲਾਸ ਬੰਦ, ਡਿਜੀਟਲ ਲਾਇਬ੍ਰੇਰੀ ਬੰਦ। ਬੱਚਿਆਂ ਨੂੰ ਕਿਤਾਬਾਂ ਦਿੱਤੀਆਂ ਗਈਆਂ ਹਨ ਅਜਿਹੀਆਂ ਕਿਤਾਬਾਂ, ਜਿਨ੍ਹਾਂ ਵਿੱਚ ਸਵਾਲ ਘੱਟ ਹਨ ਅਤੇ ਜਵਾਬ ਪਹਿਲਾਂ ਤੋਂ ਹੀ ਤੈਅ ਕੀਤਾ ਗਿਆ ਹੈ। ਸਰਕਾਰ ਖੁਸ਼ ਹੈ ਹੁਣ ਸੋਚਣ ਦੀ ਜ਼ਰੂਰਤ ਹੀ ਨਹੀਂ ਪਵੇਗੀ।

ਲੋਕਤੰਤਰ ਵੀ ਹਲਕਾ ਮਹਿਸੂਸ ਕਰ ਰਿਹਾ ਹੈ। ਕੋਈ ਰੁਝਾਨ ਨਹੀਂ, ਕੋਈ ਟਵੀਟ ਨਹੀਂ, ਕੋਈ ਵਾਇਰਲ ਵੀਡੀਓ ਨਹੀਂ। ਅਧਿਕਾਰਤ ਬਿਆਨ ਆਉਂਦਾ ਹੈ ਦੇਸ਼ ਵਿੱਚ ਪੂਰੀ ਸ਼ਾਂਤੀ ਹੈ। ਸ਼ਾਂਤੀ ਦਾ ਮਤਲਬ ਸਾਫ਼ ਹੈ ਕੋਈ ਦੇਖ ਨਹੀਂ ਰਿਹਾ, ਇਸ ਲਈ ਕੁਝ ਹੋ ਹੀ ਨਹੀਂ ਰਿਹਾ।

ਪ੍ਰਾਪਤੀਆਂ ਨੂੰ ਗਿਣਿਆ ਜਾਂਦਾ ਹੈ। ਨੈੱਟਬੰਡੀ ਤੋਂ ਅਫਵਾਹਾਂ ਰੁਕੀਆਂ, ਵਿਰੋਧ ਰੁਕਾ, ਆਲੋਚਨਾ ਰੁਕੀ। ਡਿਜੀਟਲ ਗ੍ਰਿਫ਼ਤਾਰੀ ਦੀ ਕੋਈ ਲੋੜ ਨਹੀਂ ਸੀ, ਕਿਉਂਕਿ ਡਿਜੀਟਲ ਨਾਗਰਿਕ ਹੀ ਬਚੇ ਨਹੀਂ ਸਨ। ਇਹ ਕੋਈ ਤਕਨੀਕੀ ਫੈਸਲਾ ਨਹੀਂ ਹੈ, ਨਾਗਰਿਕ ਸਿਖਲਾਈ ਪ੍ਰੋਗਰਾਮ ਹੈ। ਹੌਲੀ-ਹੌਲੀ ਜਨਤਾ ਆਦੀ ਹੋ ਜਾਂਦੀ ਹੈ।

ਲੋਕਤੰਤਰ ਵਿੱਚ ਸਭ ਤੋਂ ਸੁਰੱਖਿਅਤ ਨਾਗਰਿਕ ਉਹੀ ਹੁੰਦਾ ਹੈ ਜੋ ਔਫਲਾਈਨ ਹੋ।



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ




ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


Pal Films Production
All Your Photo/Videography & Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# ਨਵੇਂ ਜੀਆਂ ਦੀਆਂ ਲੋਹੜੀਆਂ

ਨਿੱਘਾ ਜਿਹਾ ਆਇਆ ਲੋਹੜੀ ਦਾ ਤਿਉਹਾਰ
ਵਧਣ ਸਭੇ ਵੇਲਾਂ ਨਾਲ਼ੇ ਖੁਸ਼ੀਆਂ ਦਾ ਸੰਸਾਰ
ਹਰ ਘਰ ਅੰਦਰ ਹੋਵਣ ਰੌਸ਼ਨ ਚਿਰਾਗ ਜੀ
ਛਿੜ ਜਾਣ ਖ਼ੁਸ਼ੀਆਂ ਦੇ ਗੀਤ ਅਤੇ ਰਾਗ ਜੀ
ਧੀ ਸਤਿਕਾਰੋ ਮਨਾ ਕੇ ਧੀ ਦੀਆਂ ਲੋਹੜੀਆਂ
ਭੁੱਲਿਓ ਨਾ ਯਾਰੋ ਭਰਾਵਾਂ ਵਾਲੀਆਂ ਜੋੜੀਆਂ
ਦੋਵੇਂ ਜੀਅ ਲੱਗਦੇ ਬੜੇ ਸੋਹਣੇ ਤੇ ਪਿਆਰੇ ਨੇ
ਦੋਵਾਂ ਨਾਲ ਲੱਗਦੇ ਘਰ ਸੰਸਾਰ ਨਿਆਰੇ ਨੇ
ਪੜ੍ਹ ਰਹੀ ਸੀ ਬੈਠੀ ਮੈਂ ਲੋਹੜੀ ਦੀਆਂ ਸਿਫ਼ਤਾਂ
ਬਹੁਤੀਆਂ ਸੀ ਧੀ ਦੀ ਲੋਹੜੀ ਦੀਆਂ ਲਿਖ਼ਤਾਂ
ਧੀ ਵੀ ਵਧਾਵੇ ਜੱਗ ਵਿੱਚ ਮਾਪਿਆਂ ਦਾ ਮਾਣ
ਪੁੱਤ ਨੇ ਵੀ ਵਧਾਉਣੀ ਘਰ ਸੰਸਾਰ ਦੀ ਸ਼ਾਨ
ਜੱਗ ਉੱਤੇ ਲੋੜ ਹੈ ਦੋਵੇਂ ਪੁੱਤਾਂ ਅਤੇ ਧੀਆਂ ਦੀ
ਮਨਾਓ ਸਾਰੇ ਲੋਹੜੀਆਂ ਨਵੇਂ ਸਾਰੇ ਜੀਆਂ ਦੀ
ਆਓ ਧੀਆਂ-ਪੁੱਤਾਂ ਦੀਆਂ ਮਨਾਈਏ ਲੋਹੜੀਆਂ
ਜੱਗ ਵਿੱਚ ਵਸਣ ਭੈਣਾਂ-ਭਰਾਵਾਂ ਦੀਆਂ ਜੋੜੀਆਂ
ਧੀਆਂ ਤੇ ਪੁੱਤਾਂ ਵਿੱਚ ਵੰਡੀਆਂ ਨਾ ਪਾਇਓ ਜੀ
ਪੁੱਤ ਤੇ ਧੀ ਦਾ ਇੱਕੋ ਜਿਹਾ ਮਾਣ ਵਧਾਇਓ ਜੀ
ਧੂਣੀ ਬਾਲੋ ਮੂੰਗਫਲੀ ਰਿਓੜੀਆਂ ਲਿਆਓ ਜੀ
ਲੋਹੜੀ ਦਾ ਤਿਉਹਾਰ ਸਾਰੇ ਰਲ਼ ਕੇ ਮਨਾਓ ਜੀ



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

# ਚਿੱਟਾ

ਗਰਜਾ ਕੋਰਾ ਅਨਪੜ੍ਹ ਸੀ ਪਰ ਉਸਨੂੰ ਰੰਗਾਂ ਦੀ ਪੂਰੀ ਸਮਝ ਸੀ। ਮੋਟਰਸਾਇਕਲ 'ਤੇ ਪਿੱਛੇ ਬੈਠਦਿਆਂ ਹੀ ਆਪਣੇ ਮੁੰਡੇ ਮੀਤੇ ਦੇ ਮੋਢਿਆਂ ਉੱਤੋਂ ਤੇਲ ਦੇ ਮੀਟਰ ਨੂੰ ਨੀਝ ਨਾਲ ਵੇਖਦਾ ਹਰ ਵਾਰ ਆਖਦਾ ਭੋਰਾ ਤੇਲ ਪਵਾ ਲਵੀਂ। ਆ ਲਾਲ ਜਹੀ ਸੂਈ ਹਰੇ ਰੰਗ 'ਚ ਹੀ ਰਹਿਣੀ ਚਾਹੀਦੀ ਹੈ। ਫੇਰ ਹੀ ਘਰੋਂ ਬਾਹਰ ਪੈਰ ਪੁੱਟਣਾ। ਉਸਨੇ ਆਪਣੇ ਜਿਉਂਦੇ-ਜੀਅ ਮਜਾਲ ਆ ਲਾਲ ਸੂਈ ਹਰੇ ਚੋਂ ਚਿੱਟੇ ਵਿੱਚ ਵੀ ਆਉਣ ਦਿੱਤੀ ਹੋਵੇ। ਅੱਜ ਗਰਜੇ ਦੇ ਗੁਜਰਨ ਤੋਂ ਦਸ ਸਾਲ ਬਾਅਦ ਵੀ ਮੀਤੇ ਤੋਂ ਲਾਲ ਰੰਗ ਦੀ ਸੂਈ ਹਰੇ ਰੰਗ ਵਿੱਚ ਤਾਂ ਛੱਡੋ ਲਾਲ 'ਚੋ ਚਿੱਟੇ 'ਚ ਨਹੀਂ ਹੋਈ।



**ਰਛਪਾਲ ਸਿੰਘ ਰੈਸਲ**
**ਹਰੀਦਾਸ ਕਲੋਨੀ**
**ਨਾਭਾ (ਪਟਿਆਲਾ)**
**94178-97576**

LARRY T. NIERMEYER



Attorney at Law

OFFERING SERVICES IN THE FOLLOWING AREAS





1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447

1420 F STREET ST_ 2ND FLOOR MODESTO, CA 95354

Email : ltniermeyer@aol.com


SAMRA
REAL ESTATE GROUP
LET US GUIDE YOU HOME
ਘਰ ਖਰੀਦਣ ਜਾਂ ਵੇਚਣ ਦੇ
ਚਾਹਵਾਨ ਇੱਕ ਵਾਰ
ਸਾਨੂੰ ਜਰੂਰ ਮਿਲੋ
COMMERCIAL
and
RESIDENTIAL
industrial
Agriculture Land
Liquor Stores
Gas Stations
Apartments,
Commercial Buildings ਖਰੀਦਣ ਜਾਂ ਵੇਚਣ ਲਈ ਮਿਲੋ
Jass Samra
REALTOR BROKER
Residential &
Commercial
(317) 513-9456
jsamra@jassamra.com
www.jassamra.com
8555 N. River Rd. Suite
200 Indianapolis, IN 46240
Real Estate Lic Number Each Office Independently Owned And Operated


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330



SANJHI SOCH
ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ,
ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ।
ਫੋਨ : 604-825-1550

# ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਕੈਨੇਡਾ 'ਚ ਬਹੁ-ਸਭਿਆਚਾਰ ਅਤੇ ਮਨੁੱਖੀ ਅਧਿਕਾਰਾਂ ਦੇ ਨਾਇਕ: ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ

ਕੈਨੇਡਾ ਦੇ ਇਤਿਹਾਸ ਵਿੱਚ ਨਸਲਵਾਦ ਨੂੰ ਜ਼ਬਰਦਸਤ ਚੁਣੌਤੀ ਦੇਣ ਵਾਲੀ ਮਹਾਨ ਸ਼ਖਸੀਅਤ ਭਾਈ ਮੇਵਾ ਸਿੰਘ ਲੋਪੋਕੇ ਦੀ ਗੌਰਵਮਈ ਗਾਥਾ ਤੇ ਸ਼ਾਨਾਮੱਤਾ ਇਤਿਹਾਸ ਪ੍ਰੇਰਨਾਦਾਇਕ ਹੈ। ਇਸ ਸੱਚੀ ਸਾਖੀ ਨੂੰ ਕੈਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਦੇ ਮੁੱਢ ਵਜੋਂ ਚੇਤੇ ਕੀਤਾ ਜਾਣਾ ਬਣਦਾ ਹੈ। ਇਹ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਸਮੇਂ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ। ਮਨੁੱਖੀ ਹੱਕਾਂ ਦੇ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਕੈਨੇਡਾ ਨੂੰ 'ਚਿੱਟੀ ਚਮੜੀ ਵਾਲਿਆਂ ਦਾ ਦੇਸ਼' ਸਾਬਤ ਕਰਨ ਵਾਲੀਆਂ ਨਸਲਵਾਦੀ ਤਾਕਤਾਂ ਨੂੰ ਸਬਕ ਸਿਖਾਇਆ ਸੀ। ਭਾਈ ਮੇਵਾ ਸਿੰਘ ਵਲੋਂ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ ਹੀ ਕੈਨੇਡਾ ਵਿੱਚ ਬਹੁ-ਸੱਭਿਆਚਾਰਕ ਢਾਂਚੇ ਦਾ ਅਧਿਆਇ ਲਿਖਿਆ ਗਿਆ ਸੀ। ਕੈਨੇਡਾ ਦੇ ਮੋਢੀ ਜੁਝਾਰੂ ਸਿੱਖਾਂ 'ਚ ਗਿਣੇ ਜਾਂਦੇ ਭਾਈ ਮੇਵਾ ਸਿੰਘ ਕੈਨੇਡਾ 'ਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਭਾਈ ਮੇਵਾ ਸਿੰਘ ਦਾ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹਨਾਂ ਦੀ ਕੁਰਬਾਨੀ ਹੀ ਅੱਗਿਓ ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ। ਦੁੱਖ ਇਸ ਗੱਲ ਦਾ ਹੈ ਕਿ ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਸ਼ਹਾਦਤ ਦਾ, ਭਾਰਤ ਦੀ ਆਜ਼ਾਦੀ ਦੇ ਸੰਘਰਸ਼ 'ਚ ਜ਼ਿਕਰ ਨਾਮਾਤਰ ਹੀ ਮਿਲਦਾ ਹੈ।

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। ਸਿੱਖੀ ਪਿਛੋਕੜ ਨਾਲ ਸਬੰਧਤ ਪਰਿਵਾਰ ਵਾਲੇ ਮੇਵਾ ਸਿੰਘ 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ।

ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ, ਪਰ ਉਨ੍ਹਾਂ ਦਾ ਸੰਪਰਕ ਨਸਲਵਾਦ ਖਿਲਾਫ ਲੜਨ ਵਾਲੇ ਅਤੇ ਮਨੁੱਖੀ ਹੱਕਾਂ ਲਈ ਸੰਘਰਸ਼ ਕਰਨ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ।

ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ - ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਸਿੱਖ ਇਤਿਹਾਸ ਦੇ ਸ਼ਹੀਦੀ ਵਿਰਸੇ ਤੋਂ ਅਵਚੇਤਨ ਮਨ ਵਿਚ ਪਰੋਖ ਰੂਪ 'ਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਅਤੇ ਅਗਿਆਨਤਾ ਦੇ ਸ਼ਿਕਾਰ ਹਨ। ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। 21 ਜੂਨ 1908 ਨੂੰ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ।

ਹੱਕ, ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਉਨ੍ਹਾਂ ਵਿਆਹ ਨਹੀਂ ਸੀ ਕਰਾਇਆ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ। ਭਾਈ ਮੇਵਾ ਸਿੰਘ ਦੇ ਜੀਵਨ 'ਤੇ 'ਗੁਰੂ ਨਾਨਕ ਜਹਾਜ਼' ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼' ਦੇ ਵੈਨਕੂਵਰ ਪੁੱਜਣ 'ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ,1914 ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਗੈਰ-ਮਨੁੱਖੀ ਅਤੇ ਨਸਲਵਾਦੀ ਫੈਸਲਾ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ 'ਗੁਰੂ ਨਾਨਕ ਜਹਾਜ਼' ਦੇ ਵਾਪਿਸ ਜਾਣ ਤੋਂ ਪਹਿਲਾਂ, ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ।

ਕੈਨੇਡਾ ਦੇ ਸ਼ਹਿਰ ਐਬਸਫੋਰਡ 'ਚ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਬ੍ਰਿਟਿਸ਼ ਹਿੰਦੁਸਤਾਨੀ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਭਾਈ ਮੇਵਾ ਸਿੰਘ ਲੋਪੋਕੇ ਨੂੰ ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ, ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ 1914 ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ 1914 ਨੂੰ 'ਗੁਰੂ ਨਾਨਕ ਜਹਾਜ਼' ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਪਹੁੰਚ ਗਿਆ।

ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲਾ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਪਿੰਡ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਪਿੰਡ ਦਲੇਲ ਸਿੰਘ ਵਾਲਾ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ, ਜਿੰਨਾ ਵਿੱਚ ਭਾਈ ਦਲੀਪ ਸਿੰਘ ਫਾਲਾ, ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ ਤੇ ਭਾਈ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਵਿਅਕਤੀ ਸ਼ਾਮਿਲ ਸਨ।

ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਭਾਈ ਮੇਵਾ ਸਿੰਘ ਲੋਪੋਕੇ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ, ਜਿਨ੍ਹਾਂ ਵਲੋਂ ਇਹ ਸਾਰਾ ਕਾਰਾ ਕਰਵਾਇਆ ਗਿਆ। 21 ਅਕਤੂਬਰ 1914 ਦੇ ਦਿਨ ਜਦੋਂ ਹਿੰਦੁਸਤਾਨੀ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਦੋ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਤਾਂ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ।

ਅਜੇ ਹਾਪਕਿਨਸਨ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ-ਵਾਰੀ ਲੈ ਕੇ, ਗੋਲੀਆਂ ਦਾਗ਼ ਦਿੱਤੀਆਂ। ਹਿੰਦ ਸਰਕਾਰ ਦਾ ਸੂਹੀਆ ਵਿਲੀਅਮ ਚਾਰਲਸ ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ। ਹਿੰਦੁਸਤਾਨ, ਬਰਤਾਨੀਆ ਅਤੇ ਡੋਮੇਨੀਅਨ ਕੈਨੇਡੀਅਨ ਹਕੂਮਤਾਂ ਦਾ ਤੀਹਰਾ ਏਜੰਟ ਵਿਲੀਅਮ ਹਾਪਕਿਨਸਨ ਸਾਰਿਆਂ ਲਈ 'ਮਹੱਤਵਪੂਰਨ' ਸੀ ਅਤੇ ਉਸ ਨੂੰ ਦਫਨਾਉਣ ਸਮੇਂ 2000 ਦੇ ਕਰੀਬ ਪੁਲਿਸ ਕਰਮਚਾਰੀ, ਫਾਇਰਮੈਨ, ਇਮੀਗ੍ਰੇਸ਼ਨ ਅਤੇ ਕਸਟਮ ਅਧਿਕਾਰੀ ਸ਼ਾਮਿਲ ਹੋਏ ਤੇ ਵੱਡਾ ਮਾਰਚ ਕੀਤਾ ਗਿਆ।

30 ਅਕਤੂਬਰ 1914 ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਭਾਈ ਸਾਹਿਬ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ।

ਭਾਈ ਮੇਵਾ ਸਿੰਘ ਨੇ ਬੀ.ਸੀ. ਸੁਪਰੀਮ ਕੋਰਟ 'ਚ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਵਿਚ ਅਨੁਵਾਦਕ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ : ''ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ, ਪਰ ਇਨ੍ਹਾਂ ਪਾਪੀਆਂ ਨੇ ਗੁਰੁਦਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।

''ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ ਮਰ ਜਾਣਾ ਚੰਗਾ ਹੈ।

ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।'' ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ।

ਨਸਲਵਾਦੀ ਹਾਪਕਿਨਸਨ ਦੇ ਕਤਲ ਦੀ ਜ਼ਿੰਮੇਵਾਰੀ ਭਾਈ ਮੇਵਾ ਸਿੰਘ ਵਲੋਂ ਕਬੂਲਣ ਮਗਰੋਂ, ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ, ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ ''ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ'' ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਜੇਲ੍ਹ ਬਾਹਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ, ਧਰਮੀ ਯੋਧੇ ਦੀ 'ਜੈ ਜੈ ਕਾਰ' ਕਰ ਰਹੇ ਸਨ।

ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਅਤੇ ਸ਼ਹਾਦਤ ਦੀ ਅਹਿਮੀਅਤ ਨੂੰ ਸਮਝਦਿਆਂ 105 ਸਾਲ ਮਗਰੋਂ, ਨਿਊ ਵੈਸਟਮਿਨਸਟਰ ਸ਼ਹਿਰ ਦੇ (ਸਾਬਕਾ) ਸਿਟੀ ਕੌਂਸਲਰ ਚੱਕ ਪਿੱਕਮਾਇਰ ਨੇ ਕੌਂਸਲ ਵਿਚ 2020 'ਚ 11 ਜਨਵਰੀ ਨੂੰ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਨ' ਵਜੋਂ ਪ੍ਰੋਕਲੇਮੇਸ਼ਨ ਜਾਰੀ ਕਰਵਾਇਆ। ਇਸ ਸ਼ਹਿਰ ਵਿਚ ਹੀ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਗਈ ਸੀ। ਕੌਂਸਲਰ ਚੱਕ ਪਕਮਾਇਰ ਨੂੰ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸ਼ਹਾਦਤ ਦਾ ਐਲਾਨਨਾਮਾ ਜਾਰੀ ਕਰਨ, ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਅਤੇ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਨਿਭਾਈ ਇਤਿਹਾਸਕ ਭੂਮਿਕਾ ਲਈ ਸਦਾ ਚੇਤੇ ਕੀਤਾ ਜਾਂਦਾ ਰਹੇਗਾ। ਇਸ ਤੋਂ ਇਲਾਵਾ ਬੀਸੀ ਦੀ (ਸਾਬਕਾ) ਸਿੱਖਿਆ ਮੰਤਰੀ ਬੀਬੀ ਰਚਨਾ ਸਿੰਘ ਨੇ ਭਾਈ ਸਾਹਿਬ ਦੇ ਸ਼ਹੀਦੀ ਦਿਹਾੜੇ 'ਤੇ ਆਪਣੇ ਦਫਤਰ ਵਿੱਚ ਭਾਈ ਮੇਵਾ ਸਿੰਘ ਲੋਪੋਕੇ ਦੀ ਤਸਵੀਰ ਸੁਸ਼ੋਭਿਤ ਕੀਤੀ, ਜਦਕਿ ਜ਼ਿਆਦਾਤਰ ਦੇਸੀ ਸਿਆਸਤਦਾਨ ਅਜੇ ਵੀ ਸ਼ਹੀਦ ਭਾਈ ਮੇਵਾ ਸਿੰਘ ਦਾ ਨਾਂ ਲੈਣ ਤੋਂ ਝਿਜਕਦੇ ਹਨ।




ਸੱਚ ਤਾਂ ਇਹ ਹੈ ਕਿ ਕੈਨੇਡਾ ਦੀ ਰਾਜਨੀਤੀ 'ਚ ਭਾਰਤੀ ਮੂਲ ਦੇ ਸਿਆਸਤਦਾਨਾਂ ; ਸਾਬਕਾ ਪ੍ਰੀਮੀਅਰ ਉੱਜਲ ਦੋਸਾਂਝ ਤੋਂ ਲੈ ਕੇ ਬਹੁਤ ਸਾਰੇ ਐੱਮ.ਐੱਲ.ਏ., ਐੱਮ.ਪੀ. ਤੇ ਮੰਤਰੀ ਤੱਕ, ਰਾਜਸੀ ਸੱਤਾ ਦਾ ਸੁੱਖ ਤਾਂ ਮਾਣਦੇ ਰਹੇ ਹਨ ਤੇ ਮਾਣ ਵੀ ਰਹੇ ਹਨ, ਪਰ ਭਾਈ ਮੇਵਾ ਸਿੰਘ ਲੋਪੋਕੇ ਨੂੰ 'ਸੱਚਾ ਕੈਨੇਡੀਅਨ ਸਿੱਖ' ਤੇ 'ਸ਼ਹੀਦ' ਮੰਨਣ ਵੇਲੇ ਮੂੰਹ 'ਚ ਘੁੰਗਣੀਆਂ ਪਾ ਲੈਂਦੇ ਹਨ। ਇਹ ਸਿਰੇ ਦਾ ਅਕ੍ਰਿਤਘਣਤਾ ਹੈ।

ਅਜਿਹੇ ਕਾਰਨਾਂ ਕਰਕੇ ਹੀ ਪਿਛਲੇ ਦਿਨੀਂ ਕੈਨੇਡਾ ਦੇ ਅਖ਼ਬਾਰ 'ਨੈਸ਼ਨਲ ਪੋਸਟ ਅਖ਼ਬਾਰ ਦੀ ਇੱਕ ਵਿਵਾਦਤ ਕਾਲਮ ਨਵੀਸ ਜੇਮੀ ਸਰਕੋਨਾਕ ਨੇ ਭਾਈ ਮੇਵਾ ਸਿੰਘ ਨੂੰ 'ਬੰਬ ਬਣਾਉਣ ਵਾਲਾ' ਤੇ 'ਕੱਟੜਪੰਥੀ ਸਿੱਖ' ਦੱਸਿਆ। ਅਫਸੋਸ ਇਸ ਗੱਲ ਦਾ ਹੈ ਕਿ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਇਸ ਦਾ ਕੋਈ ਸਖਤ ਨੋਟਿਸ ਨਹੀਂ ਲਿਆ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਅਤੇ ਵਣਜਾਰਾ ਨੋਮੈਡ ਕਲੈਕਸ਼ਨਜ ਵੱਲੋਂ ਇੱਕ ਸੈਮੀਨਾਰ ਕਰਕੇ ਇਸ ਖਿਲਾਫ ਆਵਾਜ਼ ਜਰੂਰ ਉਠਾਈ ਗਈ ਅਤੇ ਚਿੱਠੀਆਂ ਵੀ ਲਿਖੀਆਂ ਗਈਆਂ, ਪਰ ਇਹ ਨਾਚੀਜ਼ ਉਪਰਾਲੇ ਕਾਫੀ ਨਹੀਂ, ਇਸ ਲਈ ਵੱਡੇ ਪੱਧਰ ਤੇ ਯਤਨਾਂ ਦੀ ਲੋੜ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਖਬਾਰ ਦਾ ਇਹ ਪ੍ਰਚਾਰ ਪੱਤਰਕਾਰ ਦੇ ਸੱਜੇ ਪੱਖੀ, ਇਮੀਗਰੇਸ਼ਨ ਵਿਰੋਧੀ, ਵਿਤਕਰੇ ਭਰੀ ਸੋਚ ਦਾ ਪ੍ਰਗਟਾਵਾ ਹੈ। ਭਾਈ ਮੇਵਾ ਸਿੰਘ ਅਸਲ ਵਿਚ ਕੈਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਦਾ ਰੱਖਿਅਕ ਬਣਿਆ ਸੀ ਤੇ ਨਸਲਵਾਦ ਤੇ ਬਸਤੀਵਾਦ ਦੇ ਉਲਟ ਭੁਗਤਿਆ ਸੀ, ਜਿਸ ਨੇ ਰੰਗ, ਨਸਲ, ਫਿਰਕੇ ਤੋਂ ਉੱਪਰ ਉੱਠ ਕੇ, ਬਰਾਬਰਤਾ ਦਾ ਸੁਨੇਹਾ ਦਿੱਤਾ।

ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਦੇ ਸ਼ਹੀਦ ਐਲਾਨੇ ਜਾਣ ਦੀ ਮੰਗ ਕਰਕੇ ਹੀ ਅਜਿਹੀ ਨਸਲਵਾਦੀ ਪ੍ਰਚਾਰ ਦਾ ਸਹੀ ਜਵਾਬ ਦਿੱਤਾ ਜਾ ਸਕਦਾ ਹੈ। ਨਸਲਵਾਦ ਖ਼ਿਲਾਫ਼ ਡਟਣ ਵਾਲ਼ੇ ਭਾਈਚਾਰਿਆਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਦਾ ਸ਼ਹੀਦ ਐਲਾਨਿਆ ਜਾਵੇ। ਇਤਿਹਾਸ ਨੂੰ ਗੰਭੀਰਤਾ ਨਾਲ ਵਿਚਾਰ ਕੇ, ਫ਼ਖ਼ਰ ਮਹਿਸੂਸ ਕਰੀਏ ਕਿ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਸਿਆਸੀ ਉਦੇਸ਼ ਹਿਤ ਕੈਨੇਡੀਅਨ ਬਹੁ-ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਹੈ। ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ। ਬੀਸੀ ਅਸੰਬਲੀ ਬਿਲਡਿੰਗ ਵਿਕਟੋਰੀਆ ਦੇ ਪਿਛਲੇ ਪਾਸੇ ਦੀ ਪਾਰਕ 'ਚ ਅਜੇ ਵੀ ਹਾਪਕਿਨਸਨ ਦਾ ਨਾਂ ਸ਼ਿਲਾਲੇਖ ਉਪਰ ਅੰਕਿਤ ਹੈ, ਉਸ ਨੂੰ ਤੁਰੰਤ ਹਟਾਇਆ ਜਾਵੇ ਅਤੇ ਬੀਸੀ ਵਿਧਾਨ ਸਭਾ ਦੇ ਅੱਗੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਬੁੱਤ ਲਗਾਇਆ ਜਾਵੇ। ਅੱਜ ਲੋੜ ਇਸ ਗੱਲ ਦੀ ਹੈ ਕਿ ਕੈਨੇਡਾ ਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਸ਼ਹੀਦ ਮੇਵਾ ਸਿੰਘ ਦੇ ਨਕਸ਼ੇ-ਕਦਮਾਂ ਤੇ ਪਹਿਰਾ ਦੇਣ। ਅੱਜ ਲੋੜ ਅਜਿਹੇ ਆਗੂਆਂ ਦੀ ਹੈ, ਜੋ ਭਾਈ ਮੇਵਾ ਸਿੰਘ ਦੀ ਸੋਚ ਅਨੁਸਾਰ ਮੌਜੂਦਾ ਨਸਲਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਖ਼ਿਲਾਫ਼ ਡਟਣ। ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਵਾਰਿਸਾਂ ਨੂੰ ਤਕੜੇ ਹੋ ਕੇ ਮੈਦਾਨ ਵਿੱਚ ਨਿੱਤਰਨ ਦੀ ਲੋੜ ਹੈ, ਤਾਂ ਕਿ ਨਸਲਵਾਦੀ, ਬਸਤੀਵਾਦੀ ਅਤੇ ਮਨੁੱਖੀ ਹੱਕਾਂ ਨੂੰ ਕੁਚਲਣ ਵਾਲੀਆਂ ਹਕੂਮਤਾਂ ਖਿਲਾਫ਼ ਜੰਗ ਜਾਰੀ ਰੱਖਿਆ ਜਾ ਸਕੇ। ਅਜਿਹੇ ਕਦਮ ਨਸਲਵਾਦ ਦੇ ਮੁਕੰਮਲ ਖਾਤਮੇ ਵਿੱਚ ਸਹਾਈ ਸਿਧ ਹੋਣਗੇ।